
ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧ ਫਰਵਰੀ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ




## ਬੱਚਿਆ, ਆ...

## ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਪ੍ਰਣ ਕਰੀਏ:

ਪੰਜਾਬੀ ਬੋਲੋ।

ਪੰਜਾਬੀ ਲਿਖੋ।

ਪੰਜਾਬੀ ਸੁਣੋ।





Photo Courtesy: punjabidharti.com

## Grammy award for Gurbani album



## ਉਤਸ਼ਾਹ ਭਰਪੂਰ ਰਿਹਾ ਵਣਜਾਰਾ ਮੇਲਾ



## ਆਈ ਆਈ ਟੀ ਪਵੱਈ ਵਿਦਿਆਰਥੀ ਗੁਰੂ ਕਾ ਲੰਗਰ ਤੋਂ ਹੋਏ ਪ੍ਰਭਾਵਤ



# ਆਈ ਆਈ ਟੀ ਪਵੱਈ ਦੇ ਵਿਦਿਆਰਥੀਆਂ ਦੀ ਸਿੰਘ ਸਭਾ ਦਾਦਰ ਲੰਗਰ ਵਿਖੇ ਖੋਜੀ ਫੇਰੀ

**ਸਿੰਘ ਸਭਾ ਰਿਪੋਰਟਰ**

ਵਰਲਿੰਨ ਸ਼ਹਿਰ ਤੋਂ ਆਏ ਫੂਡ ਡੀਜਾਈਨਜ਼ ਅਤੇ ਖੋਜੀ ਮਿਸਟਰ Tauras Stalnionis ਜੋ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਘੁੰਮ ਫਿਰ ਕੇ ਇਹ ਖੋਜ ਕਰ ਰਿਹੇ ਹਨ ਕਿ ਕਿਸ ਤਰ੍ਹਾਂ ਖਾਣ-ਪੀਣ ਲਈ ਸਮਾਨ ਤਿਆਰ ਕੀਤਾ ਜਾਂਦਾ ਹੈ ਅਤੇ ਫਿਰ ਛਕਾਇਆ ਜਾਂਦਾ ਹੈ।

ਇਸੇ ਖੋਜ਼ ਨੂੰ ਮੁੱਖ ਰਖਦਿਆਂ 31 ਜਨਵਰੀ ਨੂੰ ਪ੍ਰੋ. ਨਿਸ਼ਾਂਤ ਸ਼ਰਮਾ ਜੀ ਦੀ ਅਗਵਾਈ ਹੇਠ, ਆਈ ਆਈ ਟੀ ਪਵਈ, ਮੁੰਬਈ ਦੇ ਨੌਂ ਵਿਦਿਆਰਥੀ ਜੋ ਆਰਚੀਟੈਕਟ, ਇੰਨਜਿੰਨੀਅਰ ਆਦਿ ਦੇ ਵੱਖ ਵੱਖ ਵਿਸ਼ਿਆਂ ਦੇ ਪੋਸਟ ਗਰੈਜੂਏਟ ਹਨ ਉਹਨਾਂ ਨਾਲ ਜੋ Field Study Design Course ਵੀ ਕਰ ਰਹੇ ਹਨ, ਗੁਰਦੁਆਰਾ ਸਾਹਿਬ ਦਾਦਰ ਵਿਖੇ ਆਏ।

ਆਪਣੀਂ ਖੋਜ ਨੂੰ ਮੁੱਖ ਰੱਖਦਿਆਂ ਇਹ ਵਿਦਿਆਰਥੀ, ਗੁਰਦੁਆਰਿਆਂ ਵਿੱਚ ਵੱਡੇ ਪੱਧਰ ਤੇ ਹਜਾਰਾਂ ਸੰਗਤ ਲਈ ਲੰਗਰ ਦੀ ਤਿਆਰੀ ਕਿਸ ਤਰ੍ਹਾਂ ਕੀਤੀ ਜਾਂਦੀ ਹੈ, ਇਸ ਦੀ ਸਾਰੀ ਪ੍ਰਕ੍ਰਿਆ ਨੂੰ ਸਮਝਣ ਲਈ ਗੁਰਦੁਆਰਾ ਸਾਹਿਬ ਦਾਦਰ ਵਿਖੇ ਪਹੁੰਚੇ ਸਨ।

ਸਭਾ ਦੇ ਜਨਰਲ ਸਕੱਤਰ ਸ੍ਰ. ਬਲਬੀਰ ਸਿੰਘ



ਅਤੇ ਅੰਤਿੰਗ ਕਮੇਟੀ ਮੈਂਬਰ ਸ੍ਰ. ਗੁਰਦੀਪ ਸਿੰਘ ਸ਼ੇਖੋਂ ਨੇ ਇਹਨਾਂ ਨੂੰ ਜੀ ਆਇਆਂ ਆਖਦਿਆਂ ਇਹਨਾਂ ਦੀ ਅਗਵਾਈ ਕੀਤੀ ਅਤੇ ਗੁਰੂ ਕੇ ਲੰਗਰ ਦੀ ਮਰਿਯਾਦਾ, ਇਤਿਹਾਸ ਅਤੇ ਲੰਗਰ ਤਿਆਰ ਕਰਨ ਦੀ ਜਾਚ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਲੰਗਰ ਦੀ ਤਿਆਰੀ ਵਿੱਚ ਆਪਣੇ ਹੱਥੀਂ ਸਬਜੀ, ਸਲਾਦ ਕੱਟਣਾ, ਮਿੱਠਾ ਲੰਗਰ ਤਿਆਰ ਕਰਨ, ਦਾਲ ਸਬਜੀ ਤਿਆਰ ਕਰਨ ਅਤੇ ਪ੍ਰਸ਼ਾਦੇ ਤਿਆਰ ਕਰਨ ਵਿੱਚ ਸੇਵਾ ਨਿਭਾਈ। ਲੰਗਰ ਵਰਤਾਉਣ ਦੀ ਸੇਵਾ ਵਿੱਚ ਵੀ ਆਪਣਾ ਹਿੱਸਾ ਪਾਇਆ। ਇਹ ਡੇਲੀਗੇਸ਼ਨ, "ਖਾਨਾ ਚਾਹੀਏ" ਆਰਗਾਨਾਈਜੇਸ਼ਨ ਜਿਸਦਾ ਮੁੱਖ ਦਫਤਰ ਮਹਾਂ ਲਕਸ਼ਮੀਂ - ਮੁੰਬਈ ਵਿਖੇ ਹੈ, ਦੇ ਰੈਫਰੈਂਸ ਨਾਲ ਗੁਰਦੁਆਰਾ ਸਾਹਿਬ ਦਾਦਰ ਵਿਖੇ ਪਹੁੰਚਿਆ ਸੀ।

ਇਹ ਸੰਸਥਾ ਉਹੀ ਸੰਸਥਾ ਹੈ ਜਿਸ ਨੇ COVID-19 ਸਮੇਂ ਮੁੰਬਈ ਵਿਖੇ ਲੋੜਵੰਦਾ ਲਈ ਵੱਡੇ ਪੱਧਰ ਤੇ ਫੂਡ ਪੈਕਟ ਸਪਲਾਈ ਕੀਤੇ ਸਨ।

ਸਿੰਘ ਸਭਾ ਪੱਤ੍ਰਿਕਾ ਨਾਲ ਗਲਬਾਤ ਕਰਦੇ ਹੋਏ ਬਲਬੀਰ ਸਿੰਘ ਨੇ ਕਿਹਾ ਕਿ "ਮੁੰਬਈ ਅਤੇ ਬਾਹਰਲੇ ਵਿਦਿਆਰਥੀਆਂ ਦੀ ਲੰਗਰ ਪ੍ਰਥਾ ਬਾਰੇ ਦਿਲਚਸਪੀ ਨੇ ਇਹਨਾਂ ਵਿਦਿਆਰਥੀਆਂ ਨੂੰ ਲੰਗਰ ਦੀ ਸੇਵਾ ਬਾਰੇ ਹੋਰ ਉਤਸ਼ਾਹਤ ਕੀਤਾ ਹੈ"। "ਗੁਰੂ ਕਾ ਲੰਗਰ, ਗੁਰੂ ਸਾਹਿਬਾਨਾਂ ਦੀ ਸਿੱਖਾਂ ਲਈ ਬਖਸ਼ਿਸ਼ ਹੈ। ਬਿਨਾਂ ਵਿਤਕਰਾ ਇਹ ਸੇਵਾ ਸਿੱਖਾਂ ਨੂੰ ਹਰ ਵੇਲੇ ਜਾਰੀ ਰੱਖਣੀ ਚਾਹੀਦੀ ਹੈ"।

ਆਈ ਆਈ ਟੀ ਮੁੰਬਈ ਦੇ ਵਿਦਿਆਰਥੀ ਅਦਿੱਤਿਆ ਮਹਾਮੁਨੀ ਨੇ ਸਿੰਘ ਸਭਾ ਦੇ ਦੌਰੇ ਤੋਂ ਬਾਅਦ ਦੱਸਿਆ ਕਿ, "ਇਹ ਮੇਰੀ ਕਿਸੇ ਵੀ ਗੁਰਦੁਆਰੇ ਵਿੱਚ ਦੂਜੀ ਫੇਰੀ ਹੈ।

ਇਸ ਤੋਂ ਪਹਿਲਾਂ ਮੈਂ ਹਜ਼ੂਰ ਸਾਹਿਬ ਨਾਂਦੇੜ ਤਖ਼ਤ ਸਾਹਿਬ ਗਿਆ ਸੀ ਤੇ ਉਹ ਯਾਦਾਂ ਅੱਜ ਵੀ ਤਾਜ਼ੀਆਂ ਨੇ। ਮੈਂ ਲੰਗਰ ਬਨਾਉਣ ਅਤੇ ਵਰਤਾਉਣ ਦੀਆਂ ਕਾਰਵਾਈ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ ਅਤੇ ਪ੍ਰਸ਼ਾਦਾ ਛਕ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਮੇਰੇ ਮਨ ਵਿੱਚ ਗੁਰਦੁਆਰਾ ਸਾਹਿਬ ਲਈ ਸਤਿਕਾਰ ਹੋਰ ਵਧ ਗਿਆ ਹੈ।

# ਵਣਜਾਰਿਆਂ ਦੇ ਮੇਲੇ ਵਿੱਚ ਪਹੁੰਚੇ ਸਿੰਘ ਸਭਾ ਅਤੇ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਆਗੂ

**ਸਿੰਘ ਸਭਾ ਰਿਪੋਰਟਰ**

ਹਰ 10 ਸਾਲ ਬਾਅਦ ਲੱਗਣ ਵਾਲਾ ਵਣਜਾਰਿਆਂ ਦਾ ਮੇਲਾ ਇਸ ਵਾਰ ਜਲਗਾਉਂ, ਮਹਾਰਾਸ਼ਟਰਾ ਵਿੱਚ ਲੱਗਿਆ ਜਿਸ ਵਿੱਚ ਪੂਰੇ ਹਿੰਦੁਸਤਾਨ ਤੋਂ ਧਾਰਮਕ ਅਤੇ ਸਿਆਸੀ ਆਗੂ ਪੁੱਜੇ ਜਿਨ੍ਹਾਂ ਵਿੱਚ ਸਿੰਘ ਸਭਾ ਮੁੰਬਈ ਤੋਂ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ, ਕਾਰਜਕਾਰਨੀ ਮੈਂਬਰ ਭਜਨ ਸਿੰਘ ਅਤੇ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਵੱਲੋਂ ਪਰਮਜੀਤ ਸਿੰਘ ਅਤੇ ਗੁਰਮੀਤ ਸਿੰਘ ਗੁਰੂ ਤੇਗ ਬਹਾਦਰ ਨਗਰ ਨੇ ਸ਼ਾਮਿਲ ਹੋ ਕੇ ਵਣਜਾਰਾ ਬਰਾਦਰੀ ਨਾਲ ਸਿੱਖਾਂ ਦੀ ਸਾਂਝ ਨੂੰ ਹੋਰ ਪੱਕਿਆਂ ਕਰਨ ਲਈ ਕਦਮ ਚੁੱਕਿਆ।

ਮਹਾਰਾਸ਼ਟਰਾ ਦੀ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਜਲਗਾਉਂ ਵਿਖੇ ਲਗਾਏ ਇਸ ਵਣਜਾਰਾ ਮੇਲੇ ਵਿੱਚ ਹਜ਼ਾਰਾਂ ਵਣਜਾਰਿਆਂ ਨੇ ਸ਼ਾਮਲ ਹੋ ਕੇ ਆਪਣਾ ਵਿਰਸਾ ਅਤੇ ਸੱਭਿਆਚਾਰ ਦੁਨੀਆਂ ਨੂੰ ਦਿਖਾਇਆ ਅਤੇ ਨਾਲ ਹੀ ਇੱਕ ਦੂਸਰੇ ਤੋਂ ਪ੍ਰੇਰਨਾ ਲੈ ਕੇ ਉਤਸ਼ਾਹਤ ਵੀ ਹੋਏ।

ਇਸ ਮੇਲੇ ਵਿੱਚ ਹਰਿਆਣਾ ਸਰਕਾਰ ਦੇ ਉਚ ਪੱਧਰੀ ਸੇਵਾ ਨਿਭਾ ਰਹੇ ਗਗਨਦੀਪ ਸਿੰਘ ਯਮੁਨਾ ਨਗਰ ਵਾਲਿਆ ਨੇ ਵੱਡਾ ਯੋਗਦਾਨ ਪਾਇਆ। ਵੱਡੇ



ਵੱਡੇ ਪੰਡਾਲਾਂ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਵੱਖ ਵੱਖ ਸੂਬਿਆਂ ਤੋਂ ਆਏ ਵਣਜਾਰਿਆਂ ਨੇ ਹਾਜਰੀ ਭਰੀ। ਇਸ ਵੱਡੇ ਕੁੰਭ ਵਿੱਚ ਮਹਾਰਾਸ਼ਟਰਾ ਦੇ ਉਚ ਸਰਕਾਰੀ ਅਧਿਕਾਰੀ ਅਤੇ ਬਰਾਦਰੀ ਦੇ ਅਣਥੱਕ ਆਗੂ ਜੈ ਰਾਮ ਪ੍ਰਮਾਰ ਨੇ ਭਰਪੂਰ ਯੋਗਦਾਨ ਪਾਇਆ।

ਦੂਰ ਦਰਾਡੇ ਤੋਂ ਆਏ ਵਣਜਾਰਿਆਂ ਲਈ ਮਾਇਕ ਸਹਾਇਤਾ ਅਤੇ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਸੀ। ਨਿਊ ਯਾਰਕ ਦੀ ਸਿੱਖ ਸੰਗਤ ਦੀ ਨੁਮਾਇੰਦਗੀ ਕਰਦੇ ਹੋਏ ਸ੍ਰ. ਗੁਰਮੇਜ ਸਿੰਘ ਅਤੇ ਸ੍ਰ. ਦਲੇਰ ਸਿੰਘ ਨੇ ਅਵਾਜਾਈ ਦੇ ਸਾਧਨ ਅਤੇ ਵੱਡੀ ਗਿਣਤੀ ਵਿੱਚ ਕਿਤਾਬਾਂ ਦਾ ਪ੍ਰਕਾਸ਼ਨ ਕਰ ਕੇ ਖਾਸ ਯੋਗਦਾਨ ਪਾਇਆ। ਵਣਜਾਰਾ ਆਗੂ ਅਰੁਣ ਸਿੰਘ ਪਚੌਰਾ ਨੇ ਵੀ ਸੰਗਤ ਲਈ ਵੱਡੇ ਪੱਧਰ 'ਤੇ ਲੋੜੀਂਦੇ ਪ੍ਰਬੰਧ ਕੀਤੇ। ਸਿੰਘ ਸਭਾ ਪੱਤ੍ਰਿਕਾ ਨਾਲ ਗੱਲਬਾਤ ਕਰਦੇ ਹੋਏ ਸ੍ਰ. ਕੁਲਵੰਤ ਸਿੰਘ ਨੇ ਕਿਹਾ ਕਿ, "ਠਾਠਾ ਮਾਰਦੇ ਲੋਕਾਂ ਦੇ ਸਮੁੰਦਰ ਵਿੱਚ ਬਹੁਤ ਉਤਸ਼ਾਹ ਸੀ। ਵਣਜਾਰੇ, ਬੱਚੇ-ਬੱਚੀਆ ਅਤੇ ਬਜ਼ੁਰਗ ਗੁਰੂ ਨਾਨਕ ਪਾਤਸ਼ਾਹ ਅਤੇ ਲੱਖੀ ਸ਼ਾਹ ਵਣਜਾਰਾ ਬਾਰੇ ਜਾਨਣ ਲਈ ਬਹੁਤ ਉਤਸੁਕ ਸਨ"।

ਮੁੰਬਈ ਤੋਂ ਗਏ ਟੀਮ ਦੇ ਮੈਂਬਰਾਂ ਨੇ ਸਿੱਖ ਇਤਿਹਾਸ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਪੁਸਤਕਾਂ ਵੀ ਵੰਡੀਆਂ। ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਪਰਮਜੀਤ ਸਿੰਘ ਨੇ ਪੱਤ੍ਰਿਕਾ ਨੂੰ ਦੱਸਿਆ ਕਿ, "ਪਹਿਲੇ ਹੀ ਦਿਨ 50 ਬੱਚੀਆ ਦਾ ਜੱਥਾ ਸਾਡੇ ਸਟਾਲ 'ਤੇ ਆਇਆ ਅਤੇ ਸਾਨੂੰ ਕਿਹਾ ਕਿ ਆਪਣੇ ਵਾਂਗ ਸਾਨੂੰ ਵੀ ਅੰਮ੍ਰਿਤ ਛਕਾਉ।

ਵਣਜਾਰਿਆਂ ਦੇ ਇਸ ਮਹਾਂਕੁੰਭ ਦੀ ਤਿਆਰੀ ਜਮੀਨੀ ਪੱਧਰ 'ਤੇ ਦੇਖਣ ਤੋਂ ਬਾਅਦ ਸਾਨੂੰ ਇਹ ਲੱਗਿਆ ਕਿ ਇਹ ਪਿਛਲੇ 6 ਮਹੀਨਿਆਂ ਤੋਂ ਚੱਲ ਰਹੀ ਸੀ ਕਿਉਂਕਿ ਇੰਨੇ ਵੱਡੇ ਇਕੱਠ ਲਈ ਉਥੇ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕੀਤੀ ਗਈ ਸੀ। ਸਿੱਖ ਧਰਮ ਬਾਰੇ ਵਣਜਾਰਿਆਂ ਨੂੰ ਕੁਝ ਜਾਣਕਾਰੀ ਹੈ

*ਚਲਦਾ ਪੰਨਾ ਨੰਬਰ 16 'ਤੇ*

# ਪੱਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ

ਸਿੱਖ ਮੁਫਾਦ ਦਾ ਪਹਿਰੇਦਾਰ




**ਕੌਮੀ ਇਨਸਾਫ ਮੋਰਚੇ ਦੀ ਜਿੱਤ-ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦਾ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨ**


**Year: 6** **Issue: 210**

**1 February 2023** **Price: Rs. 5**

**EDITOR**
**KULWANT SINGH**

**PUBLISHER**
**BAHADUR SINGH**
on behalf of Trust Sri Guru Singh Sabha,
Dr. Ambedkar Road, Dadar (E), Mumbai-14

**PRINTER:**
**EXCEL ARTS**
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

**FEEDBACK**
**T:** 24135029 **E:** sgssdadar@gmail.com



**DISCLAIMER**
Sri Guru Singh Sabha does not
necessarily endorse all views of writers.

**JURISDICTION**
All disputes subject to jurisdiction
of Mumbai courts only.



**Registration No. MAHBIL/2013/53199**
**Postal Registration NO.MCE/248/2023-25**
**Postal at Dadar H.O. Mumbai-14**


# ਸੰਪਾਦਕੀ

## ਪੰਜਾਬੀ ਜ਼ੁਬਾਨ ਖਤਰੇ ਵਿੱਚ ਨਹੀਂ ਹੈ

ਸਾਹਿਬ ਸ੍ਰੀ ਗ੍ਰੰਥ ਸਾਹਿਬ ਦੀ ਲਿੱਪੀ ਗੁਰਮੁਖੀ ਹੈ ਤੇ ਗੁਰੂ ਸਾਹਿਬ ਨੇ ਹੋਰ ਭਾਸ਼ਾਵਾਂ ਦੇ ਸੰਗ ਪੰਜਾਬੀ ਵਿੱਚ ਬਾਣੀ ਉਚਾਰੀ। ਸਾਡੇ ਘਰਾਂ ਵਿੱਚ ਅਤੇ ਗੁਰਦੁਆਰਾ ਸਾਹਿਬਾਨ ਵਿੱਚ ਪੰਜਾਬੀ ਸਦਾ ਬੋਲੀ ਜਾਂਦੀ ਰਹੀ ਹੈ ਤੇ ਆਦਿ ਜੁਗਾਦ ਤੱਕ ਬੋਲੀ ਜਾਂਦੀ ਰਹੇਗੀ।

ਅਜੋਕੇ ਸਮੇਂ ਦੇ ਹਾਣੀ ਬਣਦੇ ਹੋਏ ਪੰਜਾਬੀ ਜ਼ੁਬਾਨ ਦੀਆਂ ਲਿਖਤਾਂ ਅਤੇ ਬੋਲੀਆਂ ਵੱਡੇ ਪੱਧਰ 'ਤੇ ਇੰਟਰਨੈਟ ਅਤੇ ਸੋਸ਼ਲ ਮੀਡੀਆ 'ਤੇ ਦਿਸਦੀਆਂ ਹਨ ਅਤੇ ਸੁਣੀਆਂ ਜਾਂਦੀਆਂ ਹਨ। ਸੈਕੜੇ ਬੱਚੇ-ਬੱਚੀਆਂ ਪੰਜਾਬੀ ਜ਼ੁਬਾਨ ਦੀ ਪੜ੍ਹਾਈ ਕਰਦੇ ਹਨ। ਸੰਸਾਰ ਭਰ ਵਿੱਚ ਵੱਖ ਵੱਖ ਮੁਲਕਾਂ ਵਿੱਚ ਜਿਵੇਂ ਕੈਨੇਡਾ, ਬਰਤਾਨੀਆ, ਅਸਟ੍ਰੇਲੀਆ ਅਤੇ ਯੂਰਪ ਦੇ ਕਈ ਮੁਲਕਾਂ ਵਿੱਚ ਚੜ੍ਹਦੇ ਪੰਜਾਬ ਦੇ ਪੰਜਾਬੀ ਬੋਲਦੇ ਸਿੱਖਾਂ ਨੇ ਅਤੇ ਲਹਿੰਦੇ ਪੰਜਾਬ ਦੇ ਸਿੱਖਾਂ ਦੇ ਮਿੱਤਰਾਂ ਨੇ ਪੰਜਾਬੀ ਨੂੰ ਨਾ ਸਿਰਫ ਜ਼ਿੰਦਾ ਹੀ ਰੱਖਿਆ ਹੈ ਬਲਕਿ ਵਡਮੁੱਲੀ ਥਾਂ ਵੀ ਪ੍ਰਾਪਤ ਕੀਤੀ ਹੈ।

ਕੌਮਾਂਤਰੀ ਮਾਂ ਬੋਲੀ ਦਿਵਸ ਮਨਾਉਂਦੇ ਹੋਏ ਸਾਡਾ ਥੋੜਾ ਜਿਹਾ ਚਿੰਤਨ ਕਰਨਾ ਅਤੇ ਫਿਕਰ ਕਰਨਾ ਬਣਦਾ ਹੈ। ਫਿਕਰ ਇਸ ਗੱਲ ਦਾ ਕਿ ਮੌਜੂਦਾ ਸਮੇਂ ਵਿੱਚ ਦੇਖਾ ਦੇਖੀ ਸੱਭਿਆਚਾਰ ਦੇ ਰੰਗ ਵਿੱਚ ਰੰਗ ਕੇ ਪੰਜਾਬੀਆਂ ਦਾ ਇੱਕ ਹਿੱਸਾ ਕੁਝ ਹੱਦ ਤੱਕ ਮਾਂ ਬੋਲੀ ਤੋਂ ਮੂੰਹ ਮੋੜ ਰਿਹਾ ਹੈ। ਸ਼ੇਰ ਦੀ ਦਹਾੜ ਵਾਂਗ ਗਰਜਣ ਵਾਲੇ ਲੋਕਪ੍ਰਸਤੀ ਦੀ ਲਹਿਰ ਵਿੱਚ ਵਹਿ ਕੇ ਬੋਲੀਆ ਥੋਪਣ ਦੇ ਸਰਕਾਰੀ ਦਬਾਅ ਨੂੰ ਸਹਿ ਕੇ ਵਿੱਦਿਅਕ ਅਦਾਰਿਆਂ ਦੇ ਜਬਰਦਸਤੀ ਦੇ ਰੁਝਾਨ ਨੂੰ ਮੰਨ ਕੇ ਪੰਜਾਬੀ ਤੋਂ ਮੂੰਹ ਵੱਟ ਰਹੇ ਹਨ। ਕਈ ਥਾਵਾਂ 'ਤੇ ਅਜਿਹਾ ਦੇਖਣ ਵਿਚ ਆਇਆ ਹੈ ਕਿ ਕਸੂਰ ਬੱਚਿਆਂ ਦਾ ਨਹੀਂ ਮਾਵਾਂ ਦਾ ਹੈ। ਮਾਂ ਬੋਲੀ ਬੋਲਣ ਵਾਲੀ ਮਾਂ ਹੀ ਆਪਣੀ ਬੋਲੀ ਵਿਗਾੜ ਰਹੀ ਹੈ। ਚਿੜੀਆਂ ਦੀ ਮਿੱਠੀ ਧੁੰਨ ਵਰਗੀ ਪੰਜਾਬੀ ਨੂੰ ਭੁਲਾ ਕਾਂ ਵਾਂਗੂ ਕਾਂ-ਕਾਂ ਕਰ ਰਹੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਮਹੌਲ ਵਿੱਚ ਕਦੀ ਕਦੀ ਮਾਂ ਬੋਲੀ ਨਾਲ ਪ੍ਰੇਮ ਕਰਨ ਵਾਲਿਆਂ ਨੂੰ ਘਬਰਾਹਟ ਹੁੰਦੀ ਹੈ ਪਰ ਫਿਕਰ ਤੇ ਘਬਰਾਹਟ ਤੋਂ ਉਤਾਂਹ ਉਠ ਕੇ ਚਿੰਤਨ ਦੀ ਜਰੂਰਤ ਹੈ।

ਆਓ ਪ੍ਰਣ ਕਰੀਏ: ਪੰਜਾਬੀ ਬੋਲੋ, ਪੰਜਾਬੀ ਲਿਖੋ ਅਤੇ ਪੰਜਾਬੀ ਸੁਣੋ।

ਸਾਡਾ ਕਿਸੇ ਬੋਲੀ ਨਾਲ, ਕਿਸੇ ਜ਼ੁਬਾਨ ਨਾਲ ਕੋਈ ਵਿਤਕਰਾ ਨਹੀਂ ਹੈ ਪਰ ਬੋਲੀ ਦੇ ਮਾਮਲੇ ਵਿੱਚ ਜਬਰਦਸਤੀ ਅਸਹਿ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰੀਏ। ਜਪੁਜੀ ਸਾਹਿਬ ਨੂੰ ਗੁਟਕਾ ਸਾਹਿਬ ਤੋਂ ਦੇਖ ਕੇ ਲਿਖਣ ਦਾ ਉਪਰਾਲਾ ਕਰੀਏ ਤੇ ਪੰਜਾਬੀ ਦੀਆਂ ਖ਼ਬਰਾਂ ਸੁਣੀਏ ਤੇ ਫਿਰ ਪੰਜਾਬੀ ਨੂੰ ਕੋਈ ਖਤਰਾ ਨਹੀਂ। ਅਸੀਂ 2023 ਦੀ ਮਾਂ ਬੋਲੀ ਦਿਵਸ 'ਤੇ ਪੰਜਾਬੀ ਯੂਨੀਵਰਸਿਟੀ ਦੇ ਡਾ. ਕੰਬੋਜ ਨੂੰ ਵਧਾਈ ਦਿੰਦੇ ਹਾਂ ਜਿੰਨ੍ਹਾਂ ਨੇ ਐਪ ਬਣਾ ਕੇ ਇੰਟਰਨੈਟ 'ਤੇ ਪੰਜਾਬੀ ਲਿਖਣ ਨੂੰ ਬਿਲਕੁਲ ਸਰਲ ਬਣਾ ਦਿੱਤਾ ਹੈ। ਦੇਸ ਪੰਜਾਬ ਦੀ ਪੰਜਾਬੀ ਜ਼ੁਬਾਨ ਜ਼ਿੰਦਾਬਾਦ।

ਕੁਲਵੰਤ ਸਿੰਘ

## ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਮੌਰੀਸ਼ਸ ਦੀ ਭਾਰਤ 'ਚ ਰਾਜਦੂਤ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਨਵੀਂ ਦਿੱਲੀ ਵਿਚ ਮੌਰੀਸ਼ਸ ਦੀ ਰਾਜਦੂਤ ਮੇਰੀ ਕਲੇਅਰ ਜੇ. ਮੌਂਟੀ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਮੱਥਾ ਟੇਕ ਕੇ ਕੁਝ ਪਲ ਕੀਰਤਨ ਵੀ ਸਰਵਨ ਕੀਤਾ। ਉਹ ਬਾਅਦ ਵਿਚ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਵੀ ਗਏ ਤੇ ਕੁਝ ਸਮਾਂ ਖੁਦ ਲੰਗਰ ਤਿਆਰ ਕਰਨ ਅਤੇ ਬਰਤਨ ਸਾਫ ਕਰਨ ਦੀ ਸੇਵਾ ਕਰਨ ਦੇ ਨਾਲ ਨਾਲ ਰੋਜ਼ਾਨਾ 24 ਘੰਟੇ ਲੱਖਾਂ ਸੰਗਤਾਂ ਨੂੰ ਮੁਫਤ ਲੰਗਰ ਛਕਾਏ ਜਾਣ ਲਈ ਸਿੱਖ ਧਰਮ ਦੀ ਪ੍ਰਸ਼ੰਸਾ ਕੀਤੀ।

ਉਪਰੰਤ ਮੇਰੀ ਕਲੇਅਰ ਨੂੰ ਸੂਚਨਾ ਕੇਂਦਰ ਵਿਖੇ ਮੈਨੇਜਰ ਸਤਨਾਮ ਸਿੰਘ ਮਾਂਗਾ ਸਰਾਏ, ਸੂਚਨਾ ਅਧਿਕਾਰੀਆਂ ਅੰਮ੍ਰਿਪਾਲ ਸਿੰਘ ਤੇ ਰਣਧੀਰ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਅਤੇ ਧਾਰਮਿਕ ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਸੰਖੇਪ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਧਿਆਤਮਿਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਕੇ ਮਨ ਨੂੰ ਬਹੁਤ ਸਕੂਨ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਥੇ ਦਰਸ਼ਨ ਕਰਕੇ ਸਰਬੱਤ ਦੇ ਭਲੇ ਅਤੇ ਭਾਰਤ ਤੇ ਮੌਰੀਸ਼ਸ਼ ਦੋਵਾਂ ਦੇਸ਼ਾਂ ਦੇ ਆਪਸੀ ਸੰਬੰਧ ਹੋਰ ਮਜ਼ਬੂਤ ਹੋਣ ਤੇ ਲੋਕਾਂ ਦਰਮਿਆਨ ਆਪਸੀ ਭਾਈਚਾਰਕ ਸਾਂਝ ਸਦੀਵੀ ਕਾਇਮ ਰਹਿਣ ਲਈ ਪ੍ਰਾਰਥਨਾ ਕੀਤੀ ਹੈ।

## Shiromani Bhagat Namdev Ji Sports Day Celebrated by Mumbai Sangat



We the Akaal Jyot Sewak Trust and Shaheed Baba Deep Singh Ji Sewak Jatha thank you all the supporters, sponsors and sports players for their cooperation to make the Shiromani Bhagat Namdev Ji Sports Day 2023 a big success, some of them will be disappointed and we apologise for that and hope we all together will make this sports day more and more better in coming years...

We thank the Langar Management sewadars, young boys for serving Langar throughout the event for 3 days and making this event so comfortable.

Special thanks to all Gurudwara Managing Committees for their unconditional support.

We again apologise if anybody got heart and was not satisfied but in future we will try our level best to fulfil all the requirements.

## ਸ੍ਰ. ਹਰਪ੍ਰੀਤ ਸਿੰਘ ਜੀ ਨਹੀਂ ਰਹੇ



ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਸ੍ਰ. ਹਰਪ੍ਰੀਤ ਸਿੰਘ ਜੀ ਇਸ ਸੰਸਾਰ ਵਿੱਚੋਂ ਸਵਾਸਾਂ ਰੂਪੀ ਪੂੰਜੀ ਨੂੰ ਭੋਗਦਿਆਂ ਹੋਇਆਂ ਆਪਣੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ, ਦਾਦਰ, ਉਹਨਾਂ ਦੀਆਂ ਸਿੱਖ ਸੰਗਤ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਰੱਖਦਿਆਂ ਹੋਇਆਂ ਗੁਰਮੁਖਿ ਪ੍ਰਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ ਅਤੇ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਆਪ ਜੀ ਦਾ ਸ਼ੁਭਚਿੰਤਕ,

ਜਨਰਲ ਸਕੱਤਰ,
ਸ੍ਰੀ ਗੁਰੂ ਸਿੰਘ ਸਭਾ ਰਜਿ. ਮੁੰਬਈ ਦਾਦਰ

## ਲੋੜ ਹੈ

ਸ੍ਰੀ ਗੁਰੂ ਸਿੰਘ ਸਭਾ (ਰਜਿ.), ਮੁੰਬਈ ਦਾਦਰ ਲਈ ਸਟੋਰਕੀਪਰ, ਵਾਚਮੈਨ, ਲਾਂਗਰੀ ਅਤੇ ਦਫਤਰੀ ਸਟਾਫ ਦੀ ਲੋੜ ਹੈ।
ਲੋੜਵੰਦ ਆਦਮੀ ਇਸਤ੍ਰੀਆਂ ਆਪਣੇ ਲੋੜੀਂਦੇ ਕਾਗਜਾਤ sgssdadar@gmail.com ਤੇ ਈਮੇਲ ਕਰਨ। ਆਪਣਾ ਵਟਸਐਪ ਵਾਲਾ ਮੋਬਾਈਲ ਨੰਬਰ ਲਿਖਣਾ ਨਾ ਭੁੱਲੋ।

ਸਾਡਾ ਪਤਾ; ਪ੍ਰਧਾਨ,
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਰਜਿ.),
ਮੁੰਬਈ,
ਡਾ: ਅੰਬੇਡਕਰ ਰੋਡ, ਸਾਹਮਣੇ ਚਿਤਰਾ
ਸਿਨੇਮਾ, ਦਾਦਰ ਈਸਟ, ਮੁੰਬਈ-14

## MATRIMONIAL

**Navita Kaur Arora**
**D.O.B:** 10th Feb 1992
**Birthplace:** Ludhiana
**Height:** 5 feet 2 inches
**Education:** B.E in Computer Science
**Profession:** Currently working in CEX We Buy Entertainment as a QA Engineer
**Interested may Contact:**
**9819042317**

# ਬੋਲੀ ਹੈ ਪੰਜਾਬੀ ਸਾਡੀ

**ਰਾਜੇਸ਼ ਰਿਖੀ**

ਦੁਨੀਆਂ ਦੇ ਵਿੱਚ ਤਿੰਨ ਮਾਂਵਾਂ ਹਨ ਜਿਨ੍ਹਾਂ ਨੂੰ ਸਾਡੇ ਵੇਦਾਂ ਤੇ ਗ੍ਰੰਥਾਂ ਵਿੱਚ ਵੀ ਮਹਾਨਤਾ ਦਿੱਤੀ ਗਈ ਹੈ ਅਤੇ ਜਿਨ੍ਹਾਂ ਦੇ ਸਦਾ ਸਤਿਕਾਰ ਦੀ ਸਿੱਖਿਆ ਦਿੱਤੀ ਗਈ ਹੈ, ਉਹ ਹਨ ਜਨਮ ਦੇਣ ਵਾਲੀ ਮਾਂ, ਧਰਤੀ ਮਾਂ ਅਤੇ ਮਾਂ ਬੋਲੀ। ਪਰ ਅੱਜ ਸਾਡਾ ਸਮਾਜ ਇਸ ਕਦਰ ਨਿੱਘਰਦਾ ਜਾ ਰਿਹਾ ਹੈ ਕਿ ਜ਼ਿਆਦਾਤਰ ਇਨਸਾਨ ਇਨ੍ਹਾਂ ਤਿੰਨਾਂ ਮਾਂਵਾਂ ਜਿਨ੍ਹਾਂ ਦਾ ਦੇਣ ਅਸੀਂ ਕਦੇ ਨਹੀਂ ਦੇ ਸਕਦੇ, ਜਿਨ੍ਹਾਂ ਦਾ ਕਰਜ ਅਸੀਂ ਸਾਰੀ ਉਮਰ ਨਹੀਂ ਚੁਕਾ ਸਕਦੇ, ਜਿਨ੍ਹਾਂ ਦੇ ਸਨਮਾਨ ਵਿੱਚ ਸਾਡਾ ਸਿਰ ਸਾਰੀ ਉਮਰ ਝੁਕਦਾ ਰਹਿਣਾ ਚਾਹੀਦਾ ਹੈ।

ਇਨ੍ਹਾਂ ਨੂੰ ਰੱਜ ਕੇ ਵਿਸਾਰ ਰਿਹਾ ਹੈ। ਜਨਮ ਦੇਣ ਵਾਲੀ ਮਾਂ ਜੋ ਲੱਖਾਂ ਮੁਸੀਬਤਾਂ ਝੱਲ ਕੇ ਆਪਣੀ ਔਲਾਦ ਨੂੰ ਪਾਲਦੀ ਹੈ ਜਿਸਦੀ ਮਮਤਾ ਦਾ ਕੋਈ ਮੁੱਲ ਨਹੀਂ ਉਤਾਰ ਸਕਦਾ। ਧਰਤੀ ਮਾਂ ਜੋ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹੈ ਜਿਸਦੇ ਆਸਰੇ ਬਿਨਾਂ ਜੀਵਨ ਹੀ ਸੰਭਵ ਨਹੀਂ ਹੈ ਅਤੇ ਤੀਸਰੀ ਸਾਡੀ ਮਾਂ ਬੋਲੀ।

ਭਾਰਤ ਦੇ ਸਾਰੇ ਸੂਬਿਆਂ ਦੀ ਆਪੋ ਆਪਣੀ ਮਾਂ ਬੋਲੀ ਹੈ ਪਰ ਸਾਡੀ ਮਾਂ ਬੋਲੀ 'ਪੰਜਾਬੀ' ਜਿਸਨੇ ਪੂਰੀ ਦੁਨੀਆਂ ਦੇ ਵਿੱਚ ਸਾਡੀ ਵੱਖਰੀ ਪਛਾਣ ਬਣਾਈ ਹੈ। ਸਾਨੂੰ ਆਪਣੀ ਮਾਂ ਬੋਲੀ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਨਾ ਚਾਹੀਦਾ ਹੈ ਅਤੇ ਜਿਸ ਬੋਲੀ ਵਿੱਚ ਅਸੀਂ ਇਸ ਰੰਗਲੀ ਦੁਨੀਆਂ ਦੇ ਪਹਿਲੀ ਕਿਲਕਾਰੀ ਮਾਰੀ ਉਸ ਨੂੰ ਆਖਰੀ ਸਾਹ ਤੱਕ ਭੁੱਲ ਕੇ ਵੀ ਵਿਸਾਰਨਾ ਨਹੀਂ ਚਾਹੀਦਾ।

ਕਹਿੰਦੇ ਹਨ ਕਿ ਜੇਕਰ ਕਿਸੇ ਨੂੰ ਬਦਦੁਆ ਦੇਣੀ ਹੋਵੇ ਤਾਂ ਉਸ ਨੂੰ ਕਹਿ ਦੇਵੋ 'ਜਾਹ ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਵੇ'। ਪਰ ਅੱਜ ਪੰਜਾਬੀ ਆਪਣਿਆਂ ਨੂੰ ਛੱਡ ਬਿਗਾਨਿਆਂ ਦਾ ਹੁੰਦਾ ਜਾ ਰਿਹਾ ਹੈ। ਅਸੀਂ ਆਪਣੇ ਆਪ ਹੀ ਆਪਣੀ ਮਾਂ ਬੋਲੀ ਨੂੰ ਛੱਡਦੇ ਜਾ ਰਹੇ ਹਾਂ ਕਿਉਂਕਿ ਵਿਦੇਸ਼ੀ ਭਾਸ਼ਾ ਅੰਗਰੇਜੀ ਸਾਡੀ ਨੌਜਵਾਨ ਪੀੜ੍ਹੀ 'ਤੇ ਇਸ ਕਦਰ ਭਾਰੂ ਹੁੰਦੀ ਜਾ ਰਹੀ ਹੈ ਕਿ ਅਸੀਂ ਪੰਜਾਬੀ ਤੋਂ ਆਪ ਮੁਹਾਰੇ ਹੀ ਦੂਰ ਹੁੰਦੇ ਜਾ ਰਹੇ ਹਾਂ।

ਸਾਨੂੰ ਰਾਸ਼ਟਰੀ ਬੋਲੀ ਅਤੇ ਅੰਤਰਾਸ਼ਟਰੀ ਬੋਲੀ ਦਾ ਵੀ ਚੰਗਾ ਗਿਆਨ ਹੋਣਾ ਚਾਹੀਦਾ ਹੈ ਕਿਉਂਕਿ ਤੇਜ਼ੀ ਦੇ ਨਾਲ ਬਦਲਦੇ ਜ਼ਮਾਨੇ ਵਿੱਚ ਉਨ੍ਹਾਂ ਦੀ ਵੀ ਲੋੜ ਹੈ। ਪਰ ਆਪਣੀ ਮਾਂ ਬੋਲੀ ਨੂੰ ਛੱਡ ਕੇ ਜਾਂ ਆਪਣੀ ਮਾਂ ਬੋਲੀ ਦੇ ਵਿੱਚ ਗੱਲਬਾਤ ਕਰਨ ਨੂੰ ਨੀਵਾਂ ਮਹਿਸੂਸ ਕਰਨਾ ਬਹੁਤ ਤੰਗ ਸੋਚ ਦਾ ਪ੍ਰਤੀਕ ਹੈ। ਨੀਵੇਂ ਤਾਂ ਤੁਸੀਂ ਫਿਰ ਮੰਨੇ ਜਾਵੋਗੇ ਜੇਕਰ ਤੁਹਾਨੂੰ ਆਪਣੀ ਮਾਂ ਬੋਲੀ ਦਾ ਗਿਆਨ ਹੀ ਨਹੀਂ ਚੱਲੇ ਤੁਸੀਂ ਅੰਤਰਰਾਸਟਰੀ ਬੋਲੀ ਅੰਗਰੇਜ਼ੀ ਸਿੱਖਣ।

ਅੱਜ ਪੰਜਾਬ ਵਿੱਚ ਹੀ ਪੰਜਾਬੀ ਨੂੰ ਰੱਜ ਕੇ ਪਛਾੜਿਆ ਜਾ ਰਿਹਾ ਹੈ। ਪੰਜਾਬ ਵਿੱਚ ਭਾਂਵੇ ਸਰਕਾਰ ਨੇ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੇ ਸਖਤ ਤਾਂ ਹੁਕਮ ਦਿੱਤੇ ਹੋਏ ਹਨ ਪਰ ਸਾਡੇ ਲੋਕਾਂ ਦਾ ਅਜਿਹਾ ਸੁਭਾਅ ਬਣ ਗਿਆ ਹੈ ਕਿ ਉਹ ਪੰਜਾਬੀ ਨੂੰ ਛੱਡ ਅੰਗਰੇਜ਼ੀ ਦੇ ਪਿੱਛੇ ਪਏ ਹੋਏ ਹਨ।

ਅਸੀਂ ਆਪਣੀ ਰੋਜ਼ਾਨਾ ਦੀ ਸਾਧਾਰਨ ਗੱਲਬਾਤ ਵਿੱਚ ਉਹ ਗੱਲਾਂ ਜੋ ਪੰਜਾਬੀ ਦੇ ਵਿੱਚ ਬਹੁਤ ਹੀ ਸੋਹਣੇ ਸ਼ਬਦਾਂ ਵਿੱਚ ਕਹੀਆਂ ਜਾ ਸਕਦੀਆਂ ਹਨ ਉਹ ਅੰਗਰੇਜ਼ੀ ਵਿੱਚ ਬੋਲਦੇ ਹਾਂ। ਸਾਡੀ ਮਾਂ ਬੋਲੀ ਦੇ ਬਹੁਤ ਸਾਰੇ ਸ਼ਬਦ ਸਦਾ ਲਈ ਅਲੋਪ ਹੋ ਚੁੱਕੇ ਹਨ।

ਸਾਡੀ ਨੌਜਵਾਨ ਪੀੜ੍ਹੀ ਦੇ ਲਈ ਪੰਜਾਬੀ ਦੇ ਹਜ਼ਾਰਾਂ ਸ਼ਬਦ ਗੈਰ ਹੋ ਚੁੱਕੇ ਹਨ ਕਿਉਂਕਿ ਉਨ੍ਹਾਂ ਦੀ ਥਾਂ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਨੇ ਲੈ ਲਈ ਹੈ। ਜੇਕਰ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਪੰਜਾਬੀ ਦਾ ਵਿਗੜਿਆ ਹੋਇਆ ਰੂਪ ਹੀ ਰਹਿ ਜਾਵੇਗਾ ਅਤੇ ਸਾਡੇ ਅਮੀਰ ਸੱਭਿਆਚਾਰ ਦੇ ਹਜ਼ਾਰਾਂ ਅਨਮੋਲ ਸ਼ਬਦ ਸਦਾ ਲਈ ਖਤਮ ਹੋ ਜਾਣਗੇ।

ਅੱਜ ਪੰਜਾਬ ਦੇ ਵਿੱਚ ਗੈਰ-ਸਰਕਾਰੀ ਸਕੂਲਾਂ ਜਾਂ ਪਬਲਿਕ ਸਕੂਲਾਂ ਦੇ ਵਿੱਚ ਜਿਹੜਾ ਰੁਝਾਨ ਚੱਲ ਰਿਹਾ ਹੈ ਉਹ ਵੀ ਸਾਡੀ ਮਾਂ ਬੋਲੀ ਲਈ ਬਹੁਤ ਨੁਕਸਾਨਦਾਇਕ ਸਿੱਧ ਹੋ ਰਿਹਾ ਹੈ। ਬਹੁਤੇ ਪਬਲਿਕ ਸਕੂਲਾਂ ਨੇ ਆਪਣੇ ਅਧਿਆਪਕਾਂ ਅਤੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਪਾਬੰਦੀ ਲਗਾਈ ਹੋਈ ਹੈ ਉੱਥੇ ਆਪਸੀ ਗੱਲਬਾਤ ਆਮ ਕਰਕੇ ਅੰਗਰੇਜ਼ੀ ਅਤੇ ਕੁਝ ਹਾਲਤਾਂ ਵਿੱਚ ਹਿੰਦੀ ਵਿੱਚ ਹੁੰਦੀ ਹੈ ਅਤੇ ਪੰਜਾਬੀ ਵਿੱਚ ਗੱਲਬਾਤ ਕਰਨ 'ਤੇ ਜੁਰਮਾਨਾ ਵੀ ਕਰ ਦਿੱਤਾ ਜਾਂਦਾ ਹੈ ਅਤੇ ਅਜਿਹੇ ਸਕੂਲ ਹੀ ਪੰਜਾਬੀ ਮਾਪਿਆਂ ਦੀ ਪਹਿਲੀ ਪਸੰਦ ਹਨ।




ਅਜਿਹੇ ਦੌਰ ਦੇ ਵਿੱਚ ਅਸੀਂ ਕਿਸ ਉਮੀਦ ਨਾਲ ਕਹਿ ਸਕਦੇ ਹਾਂ ਕਿ ਪੰਜਾਬੀ ਦਾ ਭਵਿੱਖ ਚੰਗਾ ਹੋ ਸਕਦਾ ਹੈ। ਜਦ ਪੰਜਾਬ ਵਿੱਚ ਹੀ ਇਸ ਨੂੰ ਬੋਲਣ 'ਤੇ ਜੁਰਮਾਨੇ ਹੋ ਰਹੇ ਹਨ। ਅੱਜ ਜਿਆਦਾਤਰ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੁੱਛ ਕੇ ਵੇਖ ਲਓ ਉਹ ਵਨ, ਟੂ, ਥ੍ਰੀ ਤਾਂ ਸਕਿੰਟਾਂ ਵਿੱਚ ਸੁਣਾ ਦੇਣਗੇ ਪਰ ਇੱਕ, ਦੋ, ਤਿੰਨ ਨਹੀਂ ਸੁਣਾ ਸਕਣਗੇ।

ਇਹ ਗੱਲ ਕੇਵਲ ਵਿਦਿਆਰਥੀਆਂ 'ਤੇ ਹੀ ਲਾਗੂ ਨਹੀਂ ਹੁੰਦੀ ਸਗੋ ਅਜਿਹੇ ਸਕੂਲਾਂ ਤੋਂ ਪੜ੍ਹ ਕੇ ਆਏ ਵੱਡਿਆ ਤੇ ਵੀ ਲਾਗੂ ਹੁੰਦੀ ਹੈ। ਕਈ ਅਜਿਹੇ ਪ੍ਰਾਈਵੇਟ ਸਕੂਲ ਪ੍ਰਬੰਧਕਾਂ ਨਾਲ ਜਦੋਂ ਮੈਂ ਇਸ ਵਿਸ਼ੇ ਤੇ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਤਾਂ ਬੱਚੇ ਆਪਣੇ ਆਪ ਸਿੱਖ ਜਾਣਗੇ ਮੈਂ ਹੈਰਾਨ ਹਾਂ ਉਹ ਪੰਜਾਬੀ ਨੂੰ ਜੋਈ ਖਾਸ਼ ਜੁਬਾਨ ਹੀ ਨਹੀਂ ਸਮਝ ਰਹੇ ਜਦਕਿ ਤੁਸੀਂ ਕਦੇ ਵੀ ਮਾਹਿਰਾਂ ਨਾਲ ਗੱਲ ਕਰ ਲਿਓ ਬਹੁਤੇ ਜਿਆਦਾ ਪੜੇ ਹੋਏ ਲੋਕ ਵੀ ਅਕਸਰ ਪੰਜਾਬੀ ਦੇ ਸ਼ਬਦਾਂ ਦਾ ਗਲਤ ਉਚਾਰਨ ਕਰਦੇ ਹਨ।

ਜੋ ਪੰਜਾਬ ਅਤੇ ਪੰਜਾਬੀ ਲਈ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਮੈਂ ਇਹ ਨਹੀਂ ਕਹਿੰਦਾ ਕਿ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਦਾ ਗਿਆਨ ਜ਼ਰੂਰੀ ਨਹੀਂ ਹੈ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਨੂੰ ਜਿਸ ਤਰ੍ਹਾਂ ਬੇਲੋੜੀ ਸਮਝ ਕੇ ਇਸ ਤੋਂ ਦੂਰ ਹੋਇਆ ਜਾ ਰਿਹਾ ਹੈ ਉਹ ਬਹੁਤ ਗਲਤ ਹੈ। ਅਸੀਂ ਪੰਜਾਬੀ ਹੁੰਦੇ ਹੋਏ ਵੀ ਆਪਣੇ ਵਿਆਹ ਦੇ ਕਾਰਡ ਤੱਕ ਅੰਗਰੇਜ਼ੀ ਵਿੱਚ ਛਪਵਾਉਣ ਲੱਗ ਪਏ ਹਾਂ ਕੋਈ ਪੁੱਛੇ ਕਿ ਕੀ ਗੱਲ ਵੀ ਜੇਕਰ ਵਿਆਹ ਦਾ ਕਾਰਡ (ਸੱਦਾ ਪੱਤਰ) ਪੰਜਾਬੀ ਵਿੱਚ ਹੋਵੇਗਾ ਤਾਂ ਲੋਕਾਂ ਨੇ ਨਿਉਂਦਾ ਨਹੀਂ ਪਾਉਣਾ?

ਬੱਸ ਗੱਲ ਹੋਰ ਕੋਈ ਨਹੀਂ ਅੰਗਰੇਜ਼ੀ ਵਿੱਚ ਕਾਰਡ ਛਪਵਾ ਕੇ ਰੁਤਬਾ ਉੱਚਾ ਹੋ ਜਾਣ ਦਾ ਵਹਿਮ ਹੈ। ਪਿੰਡਾਂ ਵਿੱਚ ਬਹੁਤੇ ਵਿਆਹ ਵਾਲੇ ਪਰਿਵਾਰ ਨੂੰ ਖੁਦ ਆਪਣਾ ਕਾਰਡ ਹੀ ਪੜ੍ਹਨਾ ਨਹੀਂ ਆਉਂਦਾ ਹੁੰਦਾ ਅਤੇ ਜਿਹੜੇ ਘਰਾਂ ਵਿੱਚ ਅਜਿਹਾ ਸੱਦਾ ਪੱਤਰ ਭੇਜਿਆ ਜਾਂਦਾ ਉਨ੍ਹਾਂ ਵਿੱਚ ਤਾਂ ਵਧੇਰੇ ਗਿਣਤੀ ਅਜਿਹੀ ਹੁੰਦੀ ਹੀ ਜਿਹੜੇ ਅੰਗਰੇਜ਼ੀ ਵਿੱਚ ਛਪੇ ਮੈਰਿਜ ਪੈਲੇਸ ਦਾ ਨਾਮ ਵੀ ਕਿਸੇ ਤੋਂ ਪੜ੍ਹਾ ਕੇ ਜਾਣਕਾਰੀ ਪ੍ਰਾਪਤ ਕਰਦੇ ਹਨ।

ਤੁਸੀਂ ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਵੱਲ ਝਾਤ ਮਾਰੋ ਅਸੀਂ ਹਰ ਰੋਜ਼ ਕਿੰਨਾ ਪੰਜਾਬੀ ਦਾ ਨਿਰਾਦਰ ਕਰਦੇ ਹਾਂ ਜਦਕਿ ਇਨ੍ਹਾਂ ਸਭ ਨਾਲ ਸਾਡੀ ਸ਼ਾਨ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਮਾਂ ਬੋਲੀ ਪੰਜਾਬੀ ਹੀ ਹੈ ਜੋ ਸਾਨੂੰ ਸਾਡੇ ਸੱਭਿਆਚਾਰ, ਰੀਤੀ-ਰਿਵਾਜ ਅਤੇ ਤਿਉਹਾਰਾਂ ਦੇ ਨਾਲ ਜੋੜ ਕੇ ਰੱਖ ਸਕਦੀ ਹੈ ਨਹੀਂ ਤਾਂ ਜਿਵੇ ਸਾਡੇ ਬੱਚੇ ਚਾਚੀ, ਤਾਈ, ਫੁੱਫੜ, ਮਾਸੜ, ਭੂਆ, ਪਿਤਾ ਜੀ ਵਰਗੇ ਪਿਆਰੇ ਅਤੇ ਰਿਸ਼ਤਿਆਂ ਦੀ ਹੋਂਦ ਨੂੰ ਬਣਾ ਕੇ ਰੱਖਣ ਵਾਲੇ ਸ਼ਬਦਾਂ ਨੂੰ ਭੁੱਲ ਕੇ ਸਿਰਫ ਅੰਕਲ, ਅੰਟੀ ਤੱਕ ਸੀਮਤ ਹੋ ਚੁੱਕੇ ਹਨ। ਜਿਹੜੇ ਅੱਜ ਅਸੀਂ ਪੰਜਾਬੀ ਦੇ ਬੋਲ ਰਹੇ ਹਾਂ ਉਹ ਵੀ ਭੁੱਲ ਜਾਣਗੇ ਅਤੇ ਫਿਰ ਕੋਈ ਨਹੀਂ ਕਹੇਗਾ ਕਿ ਮੈਨੂੰ ਪੰਜਾਬੀ ਹੋਣ 'ਤੇ ਮਾਣ ਹੈ।

# ਬਰਤਾਨਵੀ ਸਾਮਰਾਜ ਖ਼ਿਲਾਫ਼ ਲੜਕੇ ਜਿੱਤਿਆ ਜੈਤੋ ਦਾ ਇਤਿਹਾਸਕ ਮੋਰਚਾ

**ਧਰਮ ਪਾਲ ਪੁੰਨੀ**



ਜੈਤੋ ਦਾ ਮੋਰਚਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਸੁਤੰਤਰਤਾ ਸੰਗਰਾਮ ਦੌਰਾਨ 1923-25 ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਖ਼ਿਲਾਫ਼ ਲੜਕੇ ਜਿੱਤਿਆ ਗਿਆ ਇਹ ਮੋਰਚਾ ਉਸ ਵੇਲੇ ਦੇ ਖ਼ੂਨੀ ਕਾਂਡ ਦੀ ਦਰਦਨਾਕ ਦਾਸਤਾਂ ਹੈ। ਜੈਤੋ ਦੇ ਮੋਰਚੇ ਦੀ ਸ਼ੁਰੂਆਤ ਅੰਗਰੇਜ਼ੀ ਹਕੂਮਤ ਵੱਲੋਂ ਝੂਠੇ ਅਤੇ ਮਨਘੜਤ ਦੋਸ਼ਾਂ ਤਹਿਤ 9 ਜੁਲਾਈ 1923 ਨੂੰ ਗੁਰਦੁਆਰਾ ਸੁਧਾਰ ਅੰਦੋਲਨ ਤੇ ਅਕਾਲੀ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਨ ਸਿੰਘ ਨੂੰ ਜਬਰੀ ਗੱਦੀ ਤੋਂ ਲਾਹ ਕੇ ਦੇਹਰਾਦੂਨ ਭੇਜ ਦਿੱਤੇ ਜਾਣ ਨਾਲ ਹੋਈ ਸੀ।

ਨਵੀਂ ਹੋਂਦ ਵਿੱਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 5 ਅਗਸਤ 1923 ਨੂੰ ਇਸ ਕਾਰਵਾਈ ਖ਼ਿਲਾਫ਼ ਸਖਤ ਮਤਾ ਪਾਸ ਕਰਕੇ 9 ਸਤੰਬਰ 1923 ਨੂੰ ਰੋਸ ਵਜੋਂ 'ਨਾਭਾ ਡੇ' ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਥਾਂ-ਥਾਂ ਰੋਸ ਮਾਰਚ ਕੱਢਣ, ਦੀਵਾਨ ਲਾਉਣ ਅਤੇ ਇਸ ਬੇਇਨਸਾਫ਼ੀ ਵਿਰੁੱਧ ਅਰਦਾਸ ਅਤੇ ਮਤੇ ਪਾਸ ਕਰਨ ਦਾ ਸੱਦਾ ਦਿੱਤਾ ਸੀ।

ਇਸ ਸੱਦੇ ਤਹਿਤ ਹੀ ਜੈਤੋ ਦੀ ਸੰਗਤ ਨੇ 25 ਤੋਂ 27 ਅਗਸਤ ਤੱਕ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰ ਦਿੱਤਾ, ਪਰ ਪੁਲੀਸ ਨੇ 27 ਅਗਸਤ ਨੂੰ ਅਖੰਡ ਪਾਠ ਰੋਕਣ ਲਈ ਪਾਠ ਕਰ ਰਹੇ ਪਾਠੀ ਨੂੰ ਗ੍ਰਿਫਤਾਰ ਕਰ ਲਿਆ। ਸਿੱਖਾਂ ਨੇ ਫੈਸਲਾ ਕੀਤਾ ਕਿ ਜਦੋਂ ਤੱਕ ਸਰਕਾਰ ਆਪਣੀ ਗਲਤੀ ਨਹੀਂ ਮੰਨਦੀ, ਉਦੋਂ ਤੱਕ ਗੁਰਦੁਆਰੇ ਵਿਚ ਅਖੰਡ ਪਾਠ ਤੇ ਦੀਵਾਨਾਂ ਦਾ ਸਿਲਸਿਲਾ ਲੜੀਵਾਰ ਜਾਰੀ ਰਹੇਗਾ, ਪਰ ਉਸ ਵੇਲੇ ਅੰਗਰੇਜ਼ ਸਰਕਾਰ ਵੱਲੋਂ ਲਾਏ ਗਏ ਪ੍ਰਬੰਧਕ ਅਫਸਰ ਵਿਲਸਨ ਜਾਨਸਟਨ ਨੇ ਉੱਥੇ ਕੋਈ ਵੀ ਇੱਕਠੇ ਪਾਠ ਜਾਂ ਅਰਦਾਸ ਕਰਨ 'ਤੇ ਪਾਬੰਦੀ ਲਾ ਦਿੱਤੀ ਅਤੇ ਉੱਥੇ ਪਹੁੰਚਣ ਵਾਲੇ ਆਗੂਆਂ ਤੇ ਸੰਗਤ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ।

ਇਸ ਧੱਕੇਸ਼ਾਹੀ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ 15 ਸਤੰਬਰ 1923 ਤੋਂ 25-25 ਸਿੰਘਾਂ ਦੇ ਜਥੇ ਜੈਤੋ ਭੇਜਣੇ ਸ਼ੁਰੂ ਕਰ ਦਿੱਤੇ। ਸਰਕਾਰ ਦੇ ਅੜੀਅਲ ਵਤੀਰੇ ਕਾਰਨ ਮੋਰਚਾ ਜਾਰੀ ਰਿਹਾ ਤੇ ਇਸ ਨੂੰ ਫੇਲ੍ਹ ਕਰਨ ਲਈ ਅੰਗਰੇਜ਼ੀ ਹਕੂਮਤ ਨੇ ਅਕਾਲੀ ਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਜਵਾਬ ਵਿੱਚ 9 ਫਰਵਰੀ 1924 ਤੋਂ ਅਕਾਲੀ ਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 500-500 ਵਲੰਟੀਅਰਾਂ ਦੇ ਜਥੇ ਭੇਜਣ ਦਾ ਫੈਸਲਾ ਕਰ ਲਿਆ।

1 ਮਾਰਚ 1925 ਤੱਕ ਅਜਿਹੇ 15 ਜਥੇ ਪੂਰੇ ਪੰਜਾਬ ਵਿਚ ਸਰਕਾਰ ਖ਼ਿਲਾਫ਼ ਪ੍ਰਚਾਰ ਤੇ ਲਾਮਬੰਦੀ ਕਰਦੇ ਹੋਏ ਜੈਤੋ ਜਾਂਦੇ ਰਹੇ। ਇਨ੍ਹਾਂ ਜੱਥਿਆਂ ਉੱਤੇ ਪੁਲੀਸ ਵੱਲੋਂ ਫਾਇਰਿੰਗ ਕੀਤੀ ਗਈ ਅਤੇ ਗ੍ਰਿਫਤਾਰ ਕੀਤੇ ਅੰਦੋਲਨਕਾਰੀਆਂ 'ਤੇ ਤਸ਼ੱਦਦ ਢਾਹਿਆ ਗਿਆ।

ਕਰੀਬ ਡੇਢ ਸਾਲ ਚੱਲਦੇ ਰਹੇ ਇਸ ਮੋਰਚੇ ਵਿੱਚ ਸੈਂਕੜੇ ਅੰਦੋਲਨਕਾਰੀ ਸ਼ਹੀਦ ਹੋਏ ਅਤੇ ਹਜ਼ਾਰਾਂ ਜਬਰ ਤੇ ਕੈਦਾਂ-ਕਰਕੀਆਂ ਦਾ ਸ਼ਿਕਾਰ ਬਣਾਏ ਗਏ। ਮੋਰਚੇ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਸਥਿਤੀ ਦਾ ਜਾਇਜ਼ਾ ਲੈਣ ਜੈਤੋ ਆਏ ਤੇ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਬੇਸ਼ੱਕ ਸਰਕਾਰ ਨੇ ਅਕਾਲੀ ਦਲ ਅਤੇ ਨਵੀਂ-ਨਵੀਂ ਹੋਂਦ ਵਿੱਚ ਆਈ ਐੱਸਜੀਪੀਸੀ 'ਤੇ ਪਾਬੰਦੀ ਲਾ ਦਿੱਤੀ ਸੀ, ਪਰ ਇਸ ਦੇ ਬਾਵਜੂਦ ਨਾ ਸਿਰਫ ਸ਼੍ਰੋਮਣੀ ਕਮੇਟੀ ਬਕਾਇਦਾ ਕੰਮ ਕਰਦੀ ਰਹੀ, ਬਲਕਿ ਅੰਮ੍ਰਿਤਸਰ ਦੇ ਬਾਜ਼ਾਰਾਂ ਵਿੱਚ ਆਮ ਸਿੱਖ ਖੁੱਲ੍ਹੇਆਮ ਗਲਾਂ ਵਿੱਚ ਫੱਟੀਆਂ ਲਟਕਾਂ ਕੇ ਘੁੰਮਦੇ ਸਨ, ਜਿਨ੍ਹਾਂ 'ਤੇ ਲਿਖਿਆ ਹੁੰਦਾ ਸੀ ''ਅਸੀ ਪਾਬੰਦੀਸ਼ੁਦਾ ਬਾਗੀ ਜਮਾਤਾਂ ਦੇ ਮੈਂਬਰ ਹਾਂ।'' ਪਰ ਕੋਈ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਸੀ ਕਰਦਾ। ਜਦ 16ਵਾਂ ਸ਼ਹੀਦੀ ਜਥਾ ਸਿਆਲਕੋਟ ਤੋਂ ਰਵਾਨਾ ਹੋਇਆ ਤਾਂ ਅੰਤ ਅੰਗਰੇਜ਼ ਸਰਕਾਰ ਝੁਕ ਗਈ ਅਤੇ ਇਸ ਜਥੇ ਨੇ ਜੈਤੋ ਪਹੁੰਚ ਕੇ ਅਖੰਡ ਪਾਠ ਸੰਪੂਰਨ ਕੀਤਾ।

ਜੈਤੋ ਮੋਰਚੇ ਦੀ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿਸ 'ਤੇ ਅੰਗਰੇਜ਼ ਅਫਸਰ ਵਿਲਸਨ ਨੇ ਸ਼ਾਂਤਮਈ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਲਈ ਮਸ਼ੀਨ ਗੰਨਾਂ ਬੀੜੀਆਂ ਸਨ ਤੇ ਸੈਂਕੜੇ ਸਿੰਘ ਸ਼ਹੀਦ ਕਰ ਦਿੱਤੇ ਸਨ। ਸ਼ਹੀਦਾਂ ਦੀ ਯਾਦ 'ਚ ਹਰ ਸਾਲ ਗੁਰਦੁਆਰਾ ਟਿੱਬੀ ਸਾਹਿਬ 'ਚ 21-22 ਫਰਵਰੀ ਨੂੰ ਸ਼ਹੀਦੀ ਜੋੜ ਮੇਲ ਕਰਵਾਇਆ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਇਹ ਮੇਲ ਸਰਕਾਰ ਦੀ ਬੇਰੁਖੀ ਦਾ ਸ਼ਿਕਾਰ ਹੈ ਤੇ 5 ਤੋਂ 6 ਦਿਨਾਂ ਤੱਕ ਚੱਲਣ ਵਾਲਾ ਇਹ ਸਮਾਗਮ ਸਿਰਫ ਇੱਕ ਦਿਨ ਤੱਕ ਹੀ ਸਿਮਟ ਕੇ ਰਹਿ ਗਿਆ ਹੈ।

**ਜਦ ੧੬ਵਾਂ ਸ਼ਹੀਦੀ ਜਥਾ ਸਿਆਲਕੋਟ ਤੋਂ ਰਵਾਨਾ ਹੋਇਆ ਤਾਂ ਅੰਤ ਅੰਗਰੇਜ਼ ਸਰਕਾਰ ਝੁਕ ਗਈ ਅਤੇ ਇਸ ਜਥੇ ਨੇ ਜੈਤੋ ਪਹੁੰਚ ਕੇ ਅਖੰਡ ਪਾਠ ਸੰਪੂਰਨ ਕੀਤਾ। ਜੈਤੋ ਮੋਰਚੇ ਦੀ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿਸ 'ਤੇ ਅੰਗਰੇਜ਼ ਅਫਸਰ ਵਿਲਸਨ ਨੇ ਸ਼ਾਂਤਮਈ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਲਈ ਮਸ਼ੀਨ ਗੰਨਾਂ ਬੀੜੀਆਂ ਸਨ ਤੇ ਸੈਂਕੜੇ ਸਿੰਘ ਸ਼ਹੀਦ ਕਰ ਦਿੱਤੇ ਸਨ।**

## ਡਾ. ਕੰਬੋਜ ਨੇ ਸਮਾਰਟ ਫ਼ੋਨ 'ਤੇ ਪੰਜਾਬੀ ਟਾਈਪਿੰਗ ਸਿਖਾਉਣ ਵਾਲੀ ਐਪ ਬਣਾਈ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਪੰਜਾਬ ਸਰਕਾਰ ਵਲੋਂ ਕਈ ਨੌਕਰੀਆਂ ਵਿਚ ਟਾਈਪਿੰਗ ਟੈੱਸਟ ਦੀ ਸ਼ਰਤ ਲਾਈ ਜਾਣ ਕਾਰਨ ਲੋੜਵੰਦ ਵਿਦਿਆਰਥੀਆਂ ਦੇ ਟਾਈਪ ਸਿੱਖਣ ਲਈ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ, ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਦੇ ਅਧਿਆਪਕ ਤੇ ਕੰਪਿਊਟਰ ਲੇਖਕ ਡਾ. ਸੀ.ਪੀ. ਕੰਬੋਜ ਨੇ ਇਕ ਮੁਫ਼ਤ ਐਂਡਰਾਇਡ ਐਪ ਬਣਾਇਆ ਹੈ।

ਇਸ ਐਪ ਤੋਂ ਵਿਧੀਵਤ ਢੰਗ ਨਾਲ ਟਾਈਪਿੰਗ ਸਿੱਖੀ ਜਾ ਸਕਦੀ ਹੈ। ਇਹ ਐਪ ਟਾਈਪ ਸ਼ੁੱਧਤਾ ਤੇ ਰਫ਼ਤਾਰ ਵੀ ਦੱਸਦਾ ਹੈ। ਡਾ. ਕੰਬੋਜ ਨੇ ਦੱਸਿਆ ਕਿ ਇਸ ਟਾਈਪਿੰਗ ਸਿਖਾਉਣ ਵਾਲੀ ਐਪ ਨੂੰ ਤਿਆਰ ਕਰਨ 'ਤੇ ਤਕਰੀਬਨ ਇਕ ਸਾਲ ਦਾ ਸਮਾਂ ਲੱਗਿਆ ਜਿਸ ਦੇ ਵਿਕਾਸ ਵਿਚ ਉਨ੍ਹਾਂ ਦੇ ਖੋਜਾਰਥੀ ਪ੍ਰੋ. ਗੁਰਪ੍ਰੀਤ ਸਿੰਘ ਸਿੱਧੂ ਨੇ ਵੱਡਾ ਯੋਗਦਾਨ ਪਾਇਆ ਹੈ।

ਉਨ੍ਹਾਂ ਕਿਹਾ ਕਿ ਕੋਈ ਵੀ ਇਸ ਐਪ ਨੂੰ ਪਲੇਅ ਸਟੋਰ ਤੋਂ ਡਾਊਨਲੋਡ ਕਰੇ। ਪੰਜਾਬੀ ਯੂਨੀਵਰਸਿਟੀ ਦੇ ਡੀਨ ਡਾ. ਗੁਰਪ੍ਰੀਤ ਸਿੰਘ ਲਹਿਲ ਨੇ 'ਲਿਖਦਾ ਪੰਜਾਬ' ਨਾਂਅ ਦੇ ਇਸ ਐਪ ਸੰਬੰਧੀ ਕਿਹਾ ਕਿ ਇਹ ਐਪ ਪੰਜਾਬੀਆਂ ਲਈ ਇਕ ਵੱਡਾ ਤੋਹਫ਼ਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਮੁਖ ਸਿੰਘ ਨੇ ਡਾ. ਕੰਬੋਜ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।

## ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪਹਿਲੀ ਵਾਰ ਮਨਾਈ ਨਕੋਦਰ ਗੋਲੀਕਾਂਡ ਦੇ ਸ਼ਹੀਦਾਂ ਦੀ ਬਰਸੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਪੰਜਾਬ ਦੀ ਤੱਤਕਾਲੀ ਬਰਨਾਲਾ ਸਰਕਾਰ ਵੇਲੇ 1986 ਵਿਚ ਜਲੰਧਰ ਨੇੜੇ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਰੁੱਧ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕਰਦਿਆਂ ਪੁਲਿਸ ਗੋਲੀਬਾਰੀ ਦੌਰਾਨ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ, ਬਲਧੀਰ ਸਿੰਘ ਤੇ ਝਿਲਮਨ ਸਿੰਘ ਦੀ 37ਵੀਂ ਬਰਸੀ ਅੱਜ ਸ਼ਹੀਦਾਂ ਦੇ ਪਰਿਵਾਰਾਂ ਤੇ ਸਿੱਖ ਜਥੇਬੰਦੀਆਂ ਵਲੋਂ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁ: ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਮਨਾਈ ਗਈ।

ਇਹ ਚਾਰੇ ਨੌਜਵਾਨ 4 ਫਰਵਰੀ 1986 ਨੂੰ ਨਕੋਦਰ ਵਿਖੇ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰ ਰਹੀਆਂ ਸੰਗਤਾਂ ਵਿਚ ਸ਼ਾਮਿਲ ਸਨ ਤੇ ਪੁਲਿਸ ਦੀ ਗੋਲੀਬਾਰੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ ਸਨ।

ਪਾਠ ਦੇ ਭੋਗ ਉਪਰੰਤ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਲ ਖ਼ਾਲਸਾ ਦੇ ਸੀਨੀਅਰ ਆਗੂ ਭਾਈ ਕੰਵਰਪਾਲ ਸਿੰਘ ਵਲੋਂ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਵਿਸਾਖੀ ਮੌਕੇ 3000 ਭਾਰਤੀਆਂ ਨੂੰ ਜਾਰੀ ਕੀਤੇ ਜਾਣਗੇ ਵੀਜ਼ੇ-ਗਿਲਾਨੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ 3000 ਭਾਰਤੀ ਸਿੱਖਾਂ ਲਈ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵਲੋਂ ਵੀਜ਼ੇ ਜਾਰੀ ਕੀਤੇ ਜਾਣਗੇ।

ਇਸ ਦੇ ਇਲਾਵਾ ਇਸ ਵਾਰ ਵਿਸਾਖੀ 'ਤੇ 2000 ਤੋਂ ਵਧੇਰੇ ਇੰਗਲੈਂਡ, ਅਮਰੀਕਾ, ਇਟਲੀ, ਹਾਂਗਕਾਂਗ ਤੇ ਆਸਟ੍ਰੇਲੀਆ ਆਦਿ ਦੇਸ਼ਾਂ ਦੇ ਸਿੱਖ ਵੀ ਪਾਕਿ ਪਹੁੰਚ ਰਹੇ ਹਨ। ਲਾਹੌਰ 'ਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਹੈੱਡ ਆਫ਼ਿਸ ਵਿਖੇ ਚੇਅਰਮੈਨ ਹਬੀਬ-ਉਰ-ਰਹਿਮਾਨ ਗਿਲਾਨੀ ਦੀ ਅਗਵਾਈ 'ਚ ਹੋਈ ਬੈਠਕ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ।

## ਪੰਜਾਬੀ ਯੂਨੀਵਰਸਿਟੀ ਵਿੱਚ ਬੀ ਬੀ ਸੀ ਦੀ ਦਸਤਾਵੇਜ਼ੀ ਦਿਖਾਈ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਪੰਜਾਬ ਸਟੂਡੈਂਟਸ ਯੂਨੀਅਨ (ਪੀਐੱਸਯੂ) ਵੱਲੋਂ ਸੂਬਾਈ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਦੀ ਦੇਖ-ਰੇਖ ਹੇਠ ਪੰਜਾਬੀ ਯੂਨੀਵਰਸਿਟੀ ਵਿੱਚ ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦੀ ਦਸਤਾਵੇਜ਼ੀ 'ਇੰਡੀਆ ਦਿ ਮੋਦੀ ਕੁਐਸਚਨ' ਦਿਖਾਈ ਗਈ। ਏਬੀਵੀਪੀ ਆਗੂਆਂ ਨੂੰ ਕਿਹਾ ਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਫਿਲਮ ਕਿਸ ਦੇ ਖ਼ਿਲਾਫ਼ ਹੈ ਅਤੇ ਇਸ ਤੋਂ ਬਾਅਦ ਪੀਐੱਸਯੂ ਫਿਲਮ ਦਿਖਾਉਣ 'ਚ ਸਫਲ ਰਹੀ।

ਪੀਐੱਸਯੂ ਆਗੂ ਗੁਰਦਾਸ ਸਿੰਘ ਤੇ ਲਖਵਿੰਦਰ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਹਰ ਵਿਰੋਧੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ।

## ਸੁਰਖੀਆਂ...

**ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ- ਭਾਰਤੀ ਜਨਤਾ ਪਾਰਟੀ ਪੰਜਾਬ**

**ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਮੌਰੀਸ਼ਸ ਦੀ ਭਾਰਤ 'ਚ ਰਾਜਦੂਤ**

**ਪੰਜਾਬ 'ਚ ਟਾਟਾ ਗਰੁੱਪ ਵੱਲੋਂ ਦੇਸ਼ ਦੇ ਦੂਜੇ ਸਭ ਤੋਂ ਵੱਡੇ ਪਲਾਂਟ ਦਾ ਕੰਮ ਸ਼ੁਰੂ**

**ਦਲ ਖ਼ਾਲਸਾ ਵੱਲੋਂ ਰਾਇਸ਼ੁਮਾਰੀ ਦੀ ਮੰਗ ਲਈ ਅੰਮ੍ਰਿਤਸਰ 'ਚ ਮਾਰਚ**

**ਕਿਸਾਨਾਂ ਨੇ ਪੰਜਾਬ ਭਰ 'ਚ ਰੋਕੀਆਂ ਰੇਲਾਂ: ਬੰਦੀ ਸਿੰਘਾਂ ਦੀ ਰਿਹਾਈ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਸਟੇਜ 'ਤੇ ਹਮਲੇ ਦੀ ਨਿੰਦਾ**

**'ਪੰਜ ਪਿਆਰਿਆਂ' ਦੇ ਨਾਵਾਂ 'ਤੇ ਬਣੇ ਸਿਹਤ ਕੇਂਦਰਾਂ ਦਾ ਨਾਂਅ ਬਦਲਣਾ ਧਾਰਮਿਕ ਅਵੱਗਿਆ-ਸ਼੍ਰੋਮਣੀ ਕਮੇਟੀ**


**ਮਹਾਰਾਸ਼ਟਰ ਦੇ ਰਾਜਪਾਲ ਵਜੋਂ ਕੈਪਟਨ ਦੇ ਨਾਂ ਦੇ ਚਰਚੇ**

**ਡੇਰਾ ਮੁਖੀ ਨੂੰ ਸੂਬਾਈ ਸਮਾਗਮ 'ਚ ਸੱਦਣਾ ਕਾਨੂੰਨ ਦੀ ਉਲੰਘਣਾ: ਅਕਾਲੀ ਦਲ**

**ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਤਖ਼ਤ ਦਮਦਮਾ ਸਾਹਿਬ 'ਚ ਨਤਮਸਤਕ**

# ਸ਼ਹੀਦਾਂ ਦੀ ਯਾਦ: ਸਾਕਾ ਨਨਕਾਣਾ ਸਾਹਿਬ

**ਇੱਕਵਾਕ ਸਿੰਘ ਪੱਟੀ**



**ਜਦ ੧੯ਵਾਂ ਸ਼ਹੀਦੀ ਜਥਾ ਸਿਆਲਕੋਟ ਤੋਂ ਰਵਾਨਾ ਹੋਇਆ ਤਾਂ ਅੰਤ ਅੰਗਰੇਜ਼ ਸਰਕਾਰ ਝੁਕ ਗਈ ਅਤੇ ਇਸ ਜਥੇ ਨੇ ਜੈਤੋ ਪਹੁੰਚ ਕੇ ਅਖੰਡ ਪਾਠ ਸੰਪੂਰਨ ਕੀਤਾ। ਜੈਤੋ ਮੋਰਚੇ ਦੀ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿਸ 'ਤੇ ਅੰਗਰੇਜ਼ ਅਫਸਰ ਵਿਲਸਨ ਨੇ ਸ਼ਾਂਤਮਈ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਲਈ ਮਸ਼ੀਨ ਗੰਨਾਂ ਬੀੜੀਆਂ ਸਨ ਤੇ ਸੈਂਕੜੇ ਸਿੰਘ ਸ਼ਹੀਦ ਕਰ ਦਿੱਤੇ ਸਨ।**

ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਂ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰੇ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਨ ਦੇ ਕੇਂਦਰ ਵਜੋਂ ਪੇਸ਼ ਕਰ ਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ।

ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸ ਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿੱਚ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬਦਤਰ ਹਾਲਾਤ ਬਣਾ ਛੱਡੇ ਸਨ। ਹੁਣ ਉੱਥੇ ਸਿਰਫ ਨਚਾਰਾਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੀ ਇੱਜ਼ਤ ਵੀ ਮਹਿਫੂਜ਼ ਨਹੀਂ ਸੀ ਰਹੀ।

ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਨਤਮਸਤਕ ਹੋਣ ਆਇਆ ਤਾਂ ਰਾਤ ਨੂੰ ਉਸ ਦੀ 13 ਵਰ੍ਹਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਜਬਰ-ਜਨਾਹ ਕੀਤਾ। ਇਸੇ ਹੀ ਸਾਲ ਪੂਰਨਮਾਸ਼ੀ ਦੀ ਇੱਕ ਰਾਤ ਨੂੰ ਜ਼ਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਬੀਬੀਆਂ, ਜੋ ਗੁਰਦੁਆਰੇ ਦੇ ਦਰਸ਼ਨ ਕਰਨ ਪੁੱਜੀਆਂ ਸਨ, ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ।

ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜਦ ਸਿੱਖਾਂ ਨੇ ਮਹੰਤ ਦੀਆਂ ਇਹ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅੱਗਿਓਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਉਨ੍ਹਾਂ ਦੀ ਨਿੱਜੀ ਦੁਕਾਨ ਹੈ, ਉਹ ਆਪਣੀਆਂ ਇਸਤਰੀਆਂ ਨਾ ਭੇਜਿਆ ਕਰਨ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ 'ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਲਈ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰ ਕੇ ਮਿਤੀ 4, 5, 6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਭਾਰੀ ਇਕੱਠ ਸੱਦਣ ਬਾਰੇ ਵਿਚਾਰ-ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਮਹੰਤ ਨਰਾਇਣ ਦਾਸ ਬਾਰੇ ਵਿਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ। ਇਸ ਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤਿ ਨਹੀਂ ਆਵੇਗੀ।

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸ ਨੇ ਵਿਓਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ 'ਤੇ ਹਮਲਾ ਕਰ ਕੇ ਸਭ ਗੁਰਮਤ ਸੁਧਾਰਕਾਂ ਨੂੰ ਖਤਮ ਕਰ ਦਿੱਤਾ ਜਾਵੇਗਾ। ਇਸ ਲਈ ਉਸ ਨੇ ਵੱਡੀ ਗਿਣਤੀ ਵਿੱਚ ਗੁਰਦੁਆਰੇ ਦੀ ਹਦੂਦ 'ਚ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ।

ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਨ੍ਹਾਂ ਨੇ 17 ਫਰਵਰੀ 1921 ਨੂੰ ਵਿਸ਼ੇਸ਼ ਮੀਟਿੰਗ ਸੱਦ ਕੇ ਇਹ ਮਤਾ ਪਾਸ ਕਰ ਦਿੱਤਾ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਮਹੰਤ ਵਿਰੁੱਧ ਤੇ ਗੁਰਦੁਆਰਾ ਆਜ਼ਾਦ ਕਰਵਾਉਣ ਲਈ ਸੰਗਤ 'ਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ 'ਤੇ ਹਮਲਾ ਕਰਨ ਦੀ ਬਦਨੀਤੀ ਨੇ

# ਸ਼ਹੀਦੀ ਸਾਕੇ 'ਤੇ ਵਿਸ਼ੇਸ਼



ਸਿੱਖਾਂ ਵਿਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ। ਮਿੱਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥' ਦੇ ਮਾਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ।

ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ 'ਤੇ ਉਨ੍ਹਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ, ''ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰ ਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸ਼ਚਿਤ ਹੈ।

ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।'' ਇਸ ਤਰ੍ਹਾਂ ਭਾਈ ਲਛਮਣ ਸਿੰਘ ਦਾ ਜਥਾ ਸ਼ਬਦ ਪੜ੍ਹਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ 'ਤੇ ਮੀਂਹ ਦੀ ਤਰ੍ਹਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਨ ਸਰੂਪ 'ਤੇ ਵੀ ਕਈ ਗੋਲੀਆਂ ਲੱਗੀਆਂ।

ਇਹ ਜ਼ੁਲਮ ਦੀ ਇੰਤਹਾ ਸੀ। ਇਸੇ ਜਦ ਤਰ੍ਹਾਂ ਭਾਈ ਦਲੀਪ ਸਿੰਘ ਗੁਰਦੁਆਰੇ ਦਾਖਲ ਹੋਏ ਤਾਂ ਉਨ੍ਹਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ, ਜੋ ਇੱਕ ਅਲਮਾਰੀ ਵਿੱਚ ਬੰਦ ਸੀ, ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ 'ਚ ਸੁੱਟ ਕੇ ਸ਼ਹੀਦ ਕੀਤਾ ਗਿਆ, ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜਥੇ ਵਿੱਚ ਸ਼ਾਮਿਲ ਸੀ।

ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਕੇ ਦੀ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰੇ ਇਕੱਠੀ ਹੋਣੀ ਸ਼ੁਰੂ ਹੋ ਗਈ।

ਇਸ ਤਰ੍ਹਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰੇ ਦੀਆਂ ਚਾਬੀਆਂ ਸਿੱਖਾਂ ਨੂੰ ਸੌਂਪੀਆਂ ਅਤੇ ਮੌਕੇ 'ਤੇ ਫਰਾਰ ਹੋਏ ਮਹੰਤ ਨੂੰ ਵੀ ਸਖ਼ਤ ਸਜ਼ਾ ਦਿੱਤੀ ਗਈ। ਇਸ ਤਰ੍ਹਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਿਯਾਦਾ ਬਹਾਲ ਕੀਤੀ ਗਈ।

ਸੰਤ ਸੂਰਜ ਸਿੰਘ ਪ੍ਰਚਾਰਕ ਦੀ ਪੁਸਤਕ 'ਜਾਗ੍ਰਤ ਖਾਲਸਾ' ਵਿੱਚ ਗੁਰਦੁਆਰਾ ਜਨਮ ਅਸਥਾਨ ਦੇ ਮਹੰਤ ਬਾਰੇ ਲਿਖੀ ਗਈ ਪਉੜੀ: ਹੋ ਮਹੰਤ ਗੁਰ ਧਾਮ ਦੇ ਕੀ ਕਿਰਤ ਕਮਾਈ ਇਕ ਡੂੰਮਨੀ ਓਸ ਨੇ ਘਰ ਵਿਸ ਵਸਾਈ ਵਿਸ਼ੇ ਪਰਾਇਨ ਹੋ ਰਿਹਾ ਸਭ ਬੁਧ ਨਸਾਈ ਪੁੱਤਰ ਧੀਆਂ ਓਸ ਤੋਂ ਬੈਠਾ ਉਪਜਾਈ ਨਾਮ ਉਨ੍ਹਾਂ ਦੇ ਲਾਂਵਦਾ ਸੀ ਵਿਰਸਾ ਭਾਈ ਲਾਜ ਨਾ ਸਾਧੂ ਭੇਖ ਦੀ ਭੈੜੇ ਨੂੰ ਆਈ ਪੀਏ ਸ਼ਰਾਬ ਨਿਤ ਹੀ ਬਣ ਰਿਹਾ ਸ਼ੁਦਾਈ ਚੋਰ ਉਚੱਕੇ ਧਾੜਵੀ, ਬਹੁ ਪਾਸ ਬੁਲਾਈ ਦੇਖ ਦੇਖ ਰਹੇ, ਸਿੰਘ ਦੁਖਾਈ।

ਭਾਈ ਕਰਤਾਰ ਸਿੰਘ ਜੀ ਗਿਆਨੀ ਵੱਲੋਂ ਪੁਸਤਕ 'ਖੂਨਿ ਸ਼ਹੀਦਾਂ' ਵਿੱਚ ਦਰਸਾਇਆ ਗਿਆ ਭਾਈ ਲਛਮਣ ਸਿੰਘ ਦਾ ਹਾਲ:

ਲਛਮਣ ਸਿੰਘ ਨੂੰ ਫੜ ਮਹੰਤ ਲਿਆ ਹੱਥ ਛਵ੍ਹੀ ਤੇ ਰੂਪ ਕਸਾਈ ਵੀਰੋ

ਕਹਿੰਦਾ ਤੂੰ ਆਯਾ ਗੱਦੀ ਲੈਣ ਮੇਰੀ ਤੈਨੂੰ ਦੇਂਦਾ ਹਾਂ ਗੱਜ ਸੁਨਾਈ ਵੀਰੋ

ਦਿੱਤੇ ਹੁਕਮ ਇਹਦੇ ਹੱਥ ਕੱਟ ਦੇਵੋ ਤੇਜਾਬ ਦੀ ਬੋਦਲ ਮੰਗਾਈ ਵੀਰੋ

ਧਾਰ ਬੰਨ੍ਹ ਕੇ ਸਿਰ 'ਤੇ ਪਾ ਦਿੱਤੀ ਦਿਹ ਹੋ ਬੇ ਦਰਦ ਜਲਾਈ ਵੀਰੋ

ਓਹਦੀ ਇੰਦਰੀ ਫੇਰ ਕਟਾਇ ਕਰਦੇ ਓਹਦੇ ਮੂੰਹ ਦੇ ਵਿੱਚ ਦਿਵਾਈ ਵੀਰੋ

ਧੂਹ ਕੇਸਾਂ ਤੋਂ ਜੰਡ ਦੇ ਪਾਸ ਖੜਯਾ ਬੰਨ੍ਹ, ਸਿੰਘ ਦੀ ਦਿਹ ਲਟਕਾਈ ਵੀਰੋ

ਉੱਤੇ ਮਿੱਟੀ ਦਾ ਤੇਲ ਪਵਾਇ ਦਿੱਤਾ ਅੱਗ ਆਪ ਨਰੈਣੇ ਨੇ ਲਾਈ ਵੀਰੋ

ਮੇਰੀ ਕਲਮ ਹੈ ਲਿਖਦੀ ਰੋ ਪਈ ਤੇ ਹਨੇਰੀ ਅੱਖਾਂ ਅੱਗੇ ਛਾਈ ਵੀਰੋ

ਜੀਉਂਦੇ ਜੀਵ ਨੂੰ ਪਾਪੀ ਨੇ ਅੱਗ ਲਾਈ ਡਾਢੀ ਭਾਰੀ ਤਕਲੀਫ ਪੁਚਾਈ ਵੀਰੋ

ਜਿਹੜਾ ਕੰਮ ਮਹੰਤ ਨੇ ਸ਼ੁਰੂ ਕੀਤਾ ਕਰ ਸੱਕਦਾ ਨਹੀਂ ਕਸਾਈ ਵੀਰੋ

ਲੱਗੀ ਜੀਉਂਦੇ ਜਿਸਮ ਨੂੰ ਅੱਗ ਜਦੋਂ ਕਿੱਡੀ ਹੋਊ ਤਕਲੀਫ ਉਠਾਈ ਵੀਰੋ

ਦੇਖ ਸਾਧ ਦਾ ਕੰਮ ਕਰਤਾਰ ਸਿੰਘਾ ਗਹਿਰ ਵਿੱਚ ਅਕਾਸ਼ ਦੇ ਛਾਈ ਵੀਰੋ।

**ਜਦ ੧੬ਵਾਂ ਸ਼ਹੀਦੀ ਜਥਾ ਸਿਆਲਕੋਟ ਤੋਂ ਰਵਾਨਾ ਹੋਇਆ ਤਾਂ ਅੰਤ ਅੰਗਰੇਜ਼ ਸਰਕਾਰ ਝੁਕ ਗਈ ਅਤੇ ਇਸ ਜਥੇ ਨੇ ਜੈਤੋ ਪਹੁੰਚ ਕੇ ਅਖੰਡ ਪਾਠ ਸੰਪੂਰਨ ਕੀਤਾ। ਜੈਤੋ ਮੋਰਚੇ ਦੀ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿਸ 'ਤੇ ਅੰਗਰੇਜ਼ ਅਫਸਰ ਵਿਲਸਨ ਨੇ ਸ਼ਾਂਤਮਈ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਗੋਲੀਆਂ ਚਲਾਉਣ ਲਈ ਮਸ਼ੀਨ ਗੰਨਾਂ ਬੀੜੀਆਂ ਸਨ ਤੇ ਸੈਂਕੜੇ ਸਿੰਘ ਸ਼ਹੀਦ ਕਰ ਦਿੱਤੇ ਸਨ।**

# Sikh player in head covering row welcomes FA rule update for refs



A Sikh footballer who was sent off for confronting an opponent who tugged on his head covering has welcomed new guidance for referees.

Midfielder Charan Singh Basra got a second yellow card when he reacted to another player touching the patka he wears for religious reasons.

It prompted a wave of complaints to The Football Association (FA).

It's now told officials that what happened to Charan could be a red-card offence. The new guidance says referees should send off any player who deliberately and inappropriately touches a religious head covering.

Charan, who plays for semi-pro side Langford FC, tells BBC Asian Network the change is "needed" after his experience.

"You get people saying stuff now and again" on the pitch, he says.

But his experience during the Spartan South Midlands League match in January "was the first time anyone's ever touched my patka", he says.

"It just comes down to being educated. It's an awareness," says Charan.

"Half the time the players do it not with the intention of being racist, they just aren't aware that it's such a significant part of a Sikh's identity."

Pioneering Jurnail Singh who was the first Sikh referee in English football, helped to shine a light on this issue and bring it to the FA's attention.

Mr Singh, from Wolverhampton, says he "wanted to raise awareness around the significance of the patka, hijab, and any other articles of faith worn by any player or referee."

"If we don't act upon these kind of incidents, it could put off the next generation of children from getting involved in sport".

## NEWS IN BRIEF

### SGPC to give 20k monthly to 9 Sikh prisoners

### 'Sikh' man struck on head in hate-motivated assault in Canada

### British Sikh Army Officer Sets New Polar Expedition World Record




## 2-day executive meet: In expansion mode, BJP to launch yatra against drugs, corruption across Punjab

National president JP Nadda, home minister Amit Shah to spend half a day in every assembly segment and address rallies in PunjabIn an expansion mode in Punjab, the Bharatiya Janata Party (BJP) is set to launch a yatra against drugs and corruption in all the Lok Sabha constituency of the state. The Saffron Party has already got a shot in the arm, with several leaders from other parties, including Congress and Shiromani Akali Dal (SAD), joining it in the last few months.

Announcing this on the first day of the state executive meeting held at Madhav Vidya Niketan School here, BJP state president Ashwani Sharma said BJP will endeavour to make Punjab drug-free.

Sharma said that BJP's yatra will focus on drugs and corruption. "We will try and awaken the Punjab youth and public against drugs and make the state drug-free. It will start from March and will continue till August, spending 18 days in every Lok Sabha constituency of Punjab," he said.

Courtesy: hindustantimes.com

## Married to men from Punjab, but denied job quota

"Punjabis are known to be the most accepting of all people. But it seems that years after we left our paternal homes and came to settle here with our Punjab-born husbands, we are still being labelled as "outsiders" or "migrants," says a distraught Narinder Kaur.

Kaur, who was born and brought up in Ambala, got married and settled down in Kharar. There are many women like Narinder Kaur, who have been denied right to seek government job under the reservation criteria. Their fault is that they belong to other neighbouring states, but got married in Punjab.

The state government is denying them jobs under the reserved category saying that though the candidates who migrate from one state to another cannot lose their status of SC or ST, but they will be entitled to benefits/concessions admissible to them from the state of their origin and not from the state where they have migrated.

Courtesy: hindustantimes.com

# Grammy for Gurbani: Album with 3 shabads wins award



JALANDHAR: Album 'Mystic Mirror', for which Los Angeles band White Sun has won the Grammy in the new age, ambient or chant category, includes three shabads from Sikh scripture Guru Granth Sahib.

Two hymns are from Guru Nanak's Jap - sacred text's first bani, part of daily Sikh prayer - and another is of Guru Arjan Dev.

In 2017, the band had won a Grammy for new age album White Sun II. All its 10 compositions were either from Guru Granth Sahib or penned by Guru Gobind Singh, the 10th Sikh Guru. The two shabads from Guru Nanak's 'Jap' are "Akhan jor chupai nahi jor" and "Pawan guru paani pita". The latter is often quoted to emphasize the importance of air and water by comparing them to the teacher and father, respectively.

The third shabad picked from Guru Granth Sahib is "Naam niranjan neer narayan", which Guru Arjan Dev had composed in Raag Gond. In his acceptance speech, White Sun's lead singer Gurujas Khalsa, a turbaned Sikh of American origin, thanked the Recording Academy. She was flanked on the stage by band's co-founder and music composer Adam Berry and instrumentalist Harjiwan, a turbaned disciple of late Harbhajan Singh 'Yogi Bhajan' who propagated Sikhism in the US about six decades ago. Gurujas said in her brief address: "Thank you so much to the Academy, I'm going to cry. Thank you to everyone who helped create this album, thank you to our producers. Standing with you guys is such a privilege, it is such an honour. But that privilege and honour comes with more responsibility to bring love and more kindness to Planet Earth..."

Both Gurujas and Harijiwan also teach kundalini yoga in the US.

Courtesy: timesofindia.indiatimes.com

## Punjab Assembly Speaker To Sensitise MLAs On Mother Tongue



Chandigarh, Feb 2 : Punjab Assembly Speaker Kultar Singh Sandhawan has decided to sensitise MLAs on their mother tongue.

Under the campaign launched to sensitise the MLAs on various issues of public importance, Sandhwan is organising a discussion on mother tongue Punjabi on February 7 here in which MLAs and officials are invited to participate.

According to a spokesperson for the Vidhan Sabha, Sandhwan is organising this discussion in view of the International Mother Language Day being celebrated on February 21 to promote the mother tongue.

Along with this, the MLAs will also be sensitised regarding the implementation of Punjabi language in the courts.

The state government has also started a campaign to educate the people about the importance of mother tongue and to implement Punjabi.Under this, November is celebrated as Punjabi month.

A state-level function was held in Amritsar in November last in which Chief Minister Bhagwant Mann directed to put on all boards in Punjabi language by February 21.

Courtesy: English.telgustop.com



Congratulations to Dr. Rattan Singh Jaggi on being conferred #PadamShriAward for his valuable contribution to Punjabi language, literature & Sikh history.

## ਸੁਰਖੀਆਂ...

### ਹਰਿਆਣਾ ਸਰਕਾਰ ਵਲੋਂ ਰਾਮ ਰਹੀਮ ਦੀ 90 ਦਿਨ ਦੀ ਸਜ਼ਾ ਮੁਆਫ਼

ਹਰਿਆਣਾ ਸਰਕਾਰ ਨੇ ਗਣਤੰਤਰ ਦਿਵਸ ਮੌਕੇ 10 ਸਾਲ ਤੋਂ ਜ਼ਿਆਦਾ ਦੀ ਸਜ਼ਾ ਯਾਫਤਾ ਕੈਦੀਆਂ ਦੀ ਸਜ਼ਾ ਨੂੰ 3 ਮਹੀਨੇ ਘੱਟ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦੇ ਇਸ ਫ਼ੈਸਲੇ ਦਾ ਫਾਇਦਾ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਨਿਕਲੇ ਰਾਮ ਰਹੀਮ ਨੂੰ ਵੀ ਹੋਵੇਗਾ।

### ਆਸ਼ੀਸ਼ ਮਿਸ਼ਰਾ ਨੂੰ 8 ਹਫ਼ਤਿਆਂ ਦੀ ਅੰਤਰਿਮ ਜ਼ਮਾਨਤ

ਲਖੀਮਪੁਰ ਖੀਰੀ ਵਿਖੇ ਕਿਸਾਨਾਂ ਨੂੰ ਗੱਡੀ ਹੇਠਾਂ ਦਰੜਨ ਸੰਬੰਧੀ ਮਾਮਲੇ ਦੇ ਮੁਲਜ਼ਮ ਆਸ਼ੀਸ਼ ਮਿਸ਼ਰਾ ਨੂੰ ਸੁਪਰੀਮ ਕੋਰਟ ਨੇ ਸ਼ਰਤਾਂ ਤਹਿਤ 8 ਹਫ਼ਤਿਆਂ ਦੀ ਅੰਤਰਿਮ ਜ਼ਮਾਨਤ ਦਿੱਤੀ ਹੈ।

### ਭਾਰਤ ਵਲੋਂ ਅਜਮੇਰ ਸ਼ਰੀਫ ਦੀ ਯਾਤਰਾ ਲਈ 249 ਪਾਕਿ ਯਾਤਰੀਆਂ ਨੂੰ ਵੀਜ਼ਾ ਜਾਰੀ

ਭਾਰਤ ਨੇ ਰਾਜਸਥਾਨ ਦੇ ਅਜਮੇਰ 'ਚ ਸੂਫੀ ਸੰਤ ਮੋਈਨਉਦੀਨ ਚਿਸ਼ਤੀ ਸਮਾਧ ਦੀ ਯਾਤਰਾ ਲਈ 249 ਪਾਕਿਸਤਾਨੀ ਯਾਤਰੀਆਂ ਨੂੰ ਵੀਜ਼ਾ ਜਾਰੀ ਕੀਤਾ ਹੈ ਜਦੋਂ ਕਿ 488 ਬਿਨੇਕਾਰਾਂ ਨੇ ਵੀਜ਼ੇ ਲਈ ਅਰਜ਼ੀ ਦਿੱਤੀ ਸੀ, ਪਰ ਸਿਰਫ 249 ਯਾਤਰੀਆਂ ਨੂੰ ਵੀਜ਼ਾ ਦਿੱਤਾ ਗਿਆ।

### ਭਾਰਤ ਵੱਲੋਂ ਸਿੰਧੂ ਜਲ ਸੰਧੀ ’ਚ ਸੋਧ ਲਈ ਪਾਕਿਸਤਾਨ ਨੂੰ ਨੋਟਿਸ ਜਾਰੀ

‘ਪਾਕਿਸਤਾਨ ਦੀਆਂ ਕਾਰਵਾਈਆਂ ਨੇ ਸਿੰਧੂ ਜਲ ਸੰਧੀ ਦੀਆਂ ਤਜਵੀਜ਼ਾਂ ਤੇ ਇਸ ਨੂੰ ਲਾਗੂ ਕਰਨ ਉਤੇ ਉਲਟ ਅਸਰ ਪਾਇਆ ਹੈ ਤੇ ਭਾਰਤ ਨੂੰ ਇਸ ਵਿਚ ਸੋਧ ਲਈ ਢੁੱਕਵਾਂ ਨੋਟਿਸ ਜਾਰੀ ਕਰਨ ਲਈ ਮਜਬੂਰ ਕੀਤਾ ਗਿਆ।’

### ਸ਼੍ਰੋਮਣੀ ਕਮੇਟੀ ਦੇ ਵਫ਼ਦ ਵਲੋਂ ਇੰਦੌਰ 'ਚ ਸਿੰਧੀ ਆਗੂਆਂ ਨਾਲ ਮੁਲਾਕਾਤ

ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਵੱਲੋਂ ਕਰੀਬ 100 ਤੋਂ ਜਿਆਦਾ ਸਿੰਧੀਆਂ ਨਾਲ ਇਸ ਵਫਦ ਨੇ ਗੱਲਬਾਤ ਕੀਤੀ ਅਤੇ ਪ੍ਰਧਾਨ ਸਾਹਿਬ ਵਲੋਂ ਦਿੱਤਾ ਸੰਦੇਸ਼ ਸਾਂਝਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਮਰਿਯਾਦਾ ਅਨੁਸਾਰ ਰੱਖਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ।

## ਸਾਕਾ ਨੀਲਾ ਤਾਰਾ 'ਤੇ ਜਨਰਲ ਬਰਾੜ ਨੇ ਦਿੱਤਾ ਇੰਟਰਵਿਊ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸਾਕਾ ਨੀਲਾ ਤਾਰ ਆਪ੍ਰੇਸ਼ਨ ਦੀ ਅਗਵਾਈ ਕਰਨ ਵਾਲੇ ਜਨਰਲ ਕੁਲਦੀਪ ਬਰਾੜ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਲੈ ਕੇ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਇੰਦਰਾ ਗਾਂਧੀ ਦੀ ਸ਼ੈਅ ਮਿਲੀ ਸੀ ਅਤੇ ਆਪ੍ਰੇਸ਼ਨ ਬਲੂ ਸਟਾਰ ਦੇ ਸਮੇਂ ਭਾਰਤੀ ਫ਼ੌਜ ਕੋਲ ਨਾ ਤਾਂ ਢੁਕਵੇਂ ਵਸੀਲੇ ਸਨ ਅਤੇ ਨਾ ਹੀ ਕਾਰਵਾਈ ਕਰਨ ਦੀ ਪੂਰੀ ਖੁੱਲ੍ਹ ਸੀ। 1984 'ਚ ਬਰਾੜ ਦੀ ਅਗਵਾਈ ਹੇਠ ਹੋਏ ਆਪ੍ਰੇਸ਼ਨ ਬਲੂ ਸਟਾਰ ਤਹਿਤ ਸਿੱਖਾਂ ਦੇ ਸਭ ਤੋਂ ਪਵਿੱਤਰ ਮੰਨੇ ਜਾਂਦੇ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ 'ਚ ਫ਼ੌਜ ਦਾਖ਼ਲ ਹੋਈ ਸੀ, ਜਿਸ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਅੱਜ ਤੱਕ ਰੋਸ ਹੈ। ਉਨ੍ਹਾਂ ਕਿਹਾ ਕਿ ਫ਼ੌਜ ਵਲੋਂ ਮਸ਼ੀਨਗੰਨਾਂ ਚਲਾਈਆਂ ਜਾ ਰਹੀਆਂ ਸਨ ਜਦਕਿ ਫ਼ੌਜ 'ਤੇ ਬੰਦੂਕਾਂ ਦੀਆਂ ਗੋਲੀਆਂ ਰਾਹੀਂ ਹਮਲਾ ਕੀਤਾ ਜਾ ਰਿਹਾ ਸੀ। ਬਰਾੜ ਨੇ ਕਿਹਾ ਕਿ ਬੰਦੂਕ ਰਾਹੀਂ ਅਜਿਹੀਆਂ ਥਾਵਾਂ ਤੋਂ ਗੋਲੀਬਾਰੀ ਕੀਤੀ ਜਾ ਰਹੀ ਸੀ, ਜਿਥੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ। ਕੁਝ ਹਲਕਿਆਂ ਵੱਲੋਂ ਉਸ ਦਾ ਇਹ ਇੰਟਰਵਿਊ ਸਿਆਸਤ ਤੋਂ ਪ੍ਰੇਰਿਤ ਲਗਦਾ ਹੈ।

## ਹਰਿਆਣਾ ਕਮੇਟੀ: ਜਥੇਦਾਰ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ 'ਚ ਬਣੀ 41 ਮੈਂਬਰੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਹਰਿਆਣਾ 'ਚ ਪਿਛਲੇ ਦਿਨੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਲੈ ਕੇ ਹਰਿਆਣਾ ਸਰਕਾਰ ਵਲੋਂ ਗਠਿਤ ਕੀਤੀ 38 ਮੈਂਬਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਿਲਾਫ਼ ਪੈਦਾ ਹੋਏ ਵਿਰੋਧ 'ਚੋਂ ਜਥੇਦਾਰ ਜਗਦੀਸ਼ ਸਿੰਘ ਝੀਂਡਾ ਦੀ ਅਗਵਾਈ 'ਚ ਨਵੀਂ 41 ਮੈਂਬਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ 'ਚ ਆ ਗਈ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕੋਈ ਵੀ ਸਿੱਖ ਇਹ ਨਹੀਂ ਚਾਹੁੰਦਾ ਕਿ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ 'ਚ ਕੋਈ ਸਰਕਾਰ ਦਖ਼ਲਅੰਦਾਜ਼ੀ ਕਰੇ। ਉਨ੍ਹਾਂ ਨੇ ਵੀ ਇਸੇ ਵਿਰੋਧ ਦੇ ਚੱਲਦਿਆਂ ਸਰਕਾਰ ਵਲੋਂ ਬਣਾਈ 38 ਮੈਂਬਰੀ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਜਥੇਦਾਰ ਝੀਂਡਾ ਨੇ ਦੋਸ਼ ਲਗਾਇਆ ਕਿ ਸਰਕਾਰ ਵਲੋਂ ਗਠਿਤ ਕਮੇਟੀ 'ਚ ਬਹੁਗਿਣਤੀ ਮੈਂਬਰ ਆਰ.ਐਸ.ਐਸ. ਅਤੇ ਭਾਜਪਾ ਪੱਖੀ ਹਨ ਅਤੇ ਸਰਕਾਰ ਇਨ੍ਹਾਂ ਮੈਂਬਰਾਂ ਦੇ ਸਹਾਰੇ ਗੁਰਧਾਮਾਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ।

## ਸੀ.ਬੀ.ਐਸ.ਈ. ਦੇ ਸਰਕੂਲਰ ਨਾਲ ਪੰਜਾਬੀ ਸਮੇਤ ਹੋਰਨਾਂ ਖੇਤਰੀ ਬੋਲੀਆਂ ਨੂੰ ਖ਼ਤਰਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਦਿੱਲੀ ਕਮੇਟੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਸੀ.ਬੀ.ਐਸ.ਈ. ਵਲੋਂ ਭਾਸ਼ਾ ਵਿਸ਼ੇ ਨੂੰ 7ਵੇਂ ਨੰਬਰ 'ਤੇ ਕਰਨ ਦੇ ਫ਼ੈਸਲੇ ਨਾਲ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਭਾਸ਼ਾ ਸਮੇਤ ਭਾਸ਼ਾ ਵਿਸ਼ਾ ਦੀ ਹੋਂਦ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਇਸ ਮਾਮਲੇ ਵਿਚ ਉਹ ਦਖ਼ਲ ਦੇਣ। ਕੇਂਦਰੀ ਗ੍ਰਹਿ ਮੰਤਰੀ ਨੂੰ ਲਿਖੀ ਚਿੱਠੀ ਵਿਚ ਦਿੱਲੀ ਸਿੱਖ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸੀ.ਬੀ.ਐਸ.ਈ. ਨੇ ਸਾਲ 2023-24 ਲਈ ਇਕ ਸਕਿੱਲ ਸਰਕੂਲਰ ਜਾਰੀ ਕੀਤਾ ਹੈ, ਜਿਸ ਤਹਿਤ ਸਕਿੱਲ ਕਰੀਕੁਲਮ ਨੂੰ ਛੇਵੇਂ ਵਿਸ਼ੇ ਵਜੋਂ ਮਾਨਤਾ ਦਿੱਤੀ ਗਈ ਹੈ, ਜਦੋਂਕਿ ਭਾਸ਼ਾ ਵਿਸ਼ੇ ਨੂੰ 7ਵੇਂ ਵਿਕਲਪ ਵਿਸ਼ੇ ਵਜੋਂ ਮਾਨਤਾ ਦਿੱਤੀ ਗਈ ਹੈ। ਕਾਲਕਾ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਵਿਦਿਆਰਥੀ ਆਪਣੀ ਮਾਤ ਭਾਸ਼ਾ ਦੀ ਪੜ੍ਹਾਈ ਤੋਂ ਵਾਂਝੇ ਰਹਿ ਜਾਣਗੇ।

## ਬਿਦਰ ਵਿਖੇ ਗਿਆਨੀ ਦਰਬਾਰਾ ਸਿੰਘ 'ਸਮਾਜ ਭੂਸ਼ਣ' ਪੁਰਸਕਾਰ ਨਾਲ ਸਨਮਾਨਿਤ

**ਸਿੰਘ ਸਭਾ ਪੱਤ੍ਰਿਕਾ ਬਿਊਰੋ**


ਸਮਾਜ ਸੇਵਕ ਅਤੇ ਗੁਰਦੁਆਰਾ ਨਾਨਕ ਝੀਰਾ ਬਿਦਰ ਦੇ ਸਾਬਕਾ ਮੈਨੇਜਰ ਤੇ ਕਥਾਵਾਚਕ ਗਿਆਨੀ ਦਰਬਾਰਾ ਸਿੰਘ ਨੂੰ ਉਨ੍ਹਾਂ ਦੀਆਂ ਸਮਾਜ ਅਤੇ ਧਰਮ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ 'ਸਮਾਜ ਭੂਸ਼ਣ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਕੁੰਭੇਸ਼ਵਰ ਗਜਾਨਨ ਮੰਦਰ ਟਰੱਸਟ ਜ਼ਿਲ੍ਹਾ ਬਿਦਰ ਦੇ ਸਵਰਾਜਿਆ ਵਿਕਾਸ ਜਨਸੇਵਾ ਸੰਸਥਾ ਵਲੋਂ ਬਿਦਰ ਅਤੇ ਲਾਤੂਰ ਜ਼ਿਲ੍ਹਿਆਂ ਦੇ ਮਾਨਵਤਾ ਵਾਦੀ ਸੰਗਠਨ ਵਲੋਂ ਕਰਵਾਏ ਸਮਾਗਮ ਦੌਰਾਨ ਕੇਂਦਰੀ ਰਾਜ ਮੰਤਰੀ ਭਗਵੰਤ ਖੂਵਾ ਦੁਆਰਾ ਗਿਆਨੀ ਦਰਬਾਰਾ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਸਮਾਜ ਭੂਸ਼ਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗਿਆਨੀ ਦਰਬਾਰਾ ਸਿੰਘ ਨੇ ਕਿਹਾ ਕਿ ਉਹ ਏਅਰ ਫੋਰਸ 'ਚੋਂ ਰਿਟਾਇਰ ਹੋਣ ਤੋਂ ਬਾਅਦ ਪੱਕੇ ਤੌਰ 'ਤੇ ਇੱਥੇ ਹੀ ਵੱਸ ਗਏ ਸਨ।

# ਰੱਬ ਕਰੇ ਮੈਂ ਅੱਖਰ ਹੋਜਾਂ

ਦਇਆ ਸਿੰਘ ਸੰਧੂ

ਰੱਬ ਕਰੇ ਮੈਂ ਅੱਖਰ ਹੋਜਾਂ
ਹੋਵਾਂ ਪਰ ਪੰਜਾਬੀ ਦਾ
ਊੜਾ ਓਅੰਕਾਰ ਦਾ ਹੋਵਾਂ
ਰਾਰਾ ਰਾਗ ਰਬਾਬੀ ਦਾ
ਬਾਣੀ ਦਾ ਮੈਂ ਬੱਬਾ ਹੋਵਾਂ
ਨੰਨਾ ਨਾਨਕ ਰਾਗੀ ਦਾ
ਕੱਕਾ ਕਣਕ ਦਾ, ਖੱਖਾ ਖੂਹ ਦਾ
ਫੱਫਾ ਫੁੱਲ ਗੁਲਾਬੀ ਦਾ
ਜੱਜਾ ਬਣੇ ਜੈਕਾਰਾ ਮੇਰਾ
ਪੱਪਾ ਪੱਗ ਨਵਾਬੀ ਦਾ
ਸੱਸਾ ਸਿੰਘ ਸਰਾਭਾ ਹੋਵਾਂ
ਗੱਗਾ ਗਦਰ ਦੇ ਬਾਗੀ ਦਾ
ਦੱਦਾ ਦਇਆ ਹੋਵਾਂ ਅੱਖਰ
ਮਾਂ-ਬੋਲੀ ਪੰਜਾਬੀ ਦਾ।



# ਜਲਗਾਉਂ, ਮਹਾਰਾਸ਼ਟਰਾ ਵਿਖੇ ਵਣਜਾਰਾ ਸਮਾਜ ਦੇ 10 ਸਾਲਾਂ ਬਾਅਦ ਲੱਗਣ ਵਾਲੇ ਮਹਾਂਕੁੰਭ ਦੀਆਂ ਝਾਕੀਆਂ












## ਸਪੇਨ 'ਚ 15 ਸਾਲਾ ਸਿੱਖ ਲੜਕੇ ਨੂੰ ਰੈਫਰੀ ਨੇ ਪਟਕਾ ਉਤਾਰਨ ਲਈ ਕਿਹਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸਪੇਨ 'ਚ ਬੀਤੇ ਦਿਨੀਂ ਇਕ ਫੁੱਟਬਾਲ ਮੈਚ ਦੌਰਾਨ 15 ਸਾਲਾ ਸਿੱਖ ਲੜਕੇ ਨੂੰ ਰੈਫਰੀ ਨੇ ਆਪਣਾ ਪਟਕਾ ਉਤਾਰਨ ਲਈ ਕਿਹਾ ਪਰ ਜਿਉਂ ਹੀ ਇਹ ਗੱਲ ਉਸ ਦੇ ਸਾਥੀ ਖਿਡਾਰੀਆਂ ਤੇ ਰੈਫਰੀ ਨੂੰ ਲੱਗੀ ਤਾਂ ਉਹ ਸਿੱਖ ਖਿਡਾਰੀ ਦੇ ਸਮਰਥਨ 'ਚ ਆ ਗਏ।ਜਾਣਕਾਰੀ ਅਨੁਸਾਰ ਰੈਫਰੀ ਨੇ ਸਿੱਖ ਲੜਕੇ ਗੁਰਪ੍ਰੀਤ ਸਿੰਘ ਨੂੰ ਇਹ ਕਹਿੰਦਿਆਂ ਆਪਣਾ ਪਟਕਾ ਉਤਾਰਨ ਲਈ ਕਿਹਾ ਕਿ ਉਸ ਨੇ ਟੋਪੀ ਪਹਿਨੀ ਹੋਈ ਹੈ ਅਤੇ ਨਿਯਮਾਂ ਅਨੁਸਾਰ ਇਸ ਦੀ ਮਨਾਹੀ ਹੈ।



ਗੁਰਪ੍ਰੀਤ ਸਿੰਘ ਦੇ ਸਾਥੀਆਂ ਤੇ ਕੋਚ ਨੇ ਰੈਫਰੀ ਨੂੰ ਸਮਝਾਇਆ ਕਿ ਇਹ ਉਸ ਦੇ ਧਰਮ ਨਾਲ ਜੁੜਿਆ ਹੋਇਆ ਅਹਿਮ ਹਿੱਸਾ ਹੈ, ਜਿਸ ਨਾਲ ਉਹ ਹਮੇਸ਼ਾ ਖੇਡਿਆ ਹੈ। ਵਿਰੋਧੀ ਟੀਮ ਵੀ ਸਿੱਖ ਖਿਡਾਰੀ ਦੇ ਸਮਰਥਨ 'ਚ ਆ ਗਈ, ਜਦੋਂਕਿ ਉਥੇ ਪਹੁੰਚੇ ਬੱਚਿਆਂ ਦੇ ਮਾਪੇ ਤੇ ਦਰਸ਼ਕਾਂ ਵੀ ਗੁਰਪ੍ਰੀਤ ਸਿੰਘ ਦਾ ਸਮਥਰਨ ਕੀਤਾ।

## ਕੈਨੇਡਾ 'ਚ ਪੰਜਾਬਣ ਚਿੱਤਰਕਾਰਾ ਨੂੰ ਮਿਲਿਆ ਉੱਚ ਸਨਮਾਨ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਕਲਾਕਾਰਾਂ ਤੇ ਚਿੱਤਰਕਾਰਾਂ ਦੀ ਹੌਂਸਲਾ ਅਫ਼ਜ਼ਾਈ ਕਰਨ ਵਾਲੀ ਵੈਨਕੂਵਰ ਦੀ ਪੌਲੀਗੌਨ ਗੈਲਰੀ ਵਲੋਂ ਉੱਘੀ ਪੰਜਾਬਣ ਚਿੱਤਰਕਾਰਾ ਸਿਮਰਨਪ੍ਰੀਤ ਕੌਰ ਆਨੰਦ ਨੂੰ ਚਿੱਤਰਕਾਰੀ ਦੇ ਖੇਤਰ ਵਿਚ ਦਿੱਤੇ ਜਾਂਦੇ ਸਰਬੋਤਮ ਸਨਮਾਨ 'ਫਿਲਪ ਬੀ ਲਿੰਡ ਅਮੈਰਜਿੰਗ ਆਰਟਿਸਟ ਐਵਾਰਡ' ਦੇ ਕੇ ਨਿਵਾਜਿਆ ਗਿਆ ਹੈ। ਸਿਮਰਨਪ੍ਰੀਤ ਨੂੰ 10 ਹਜ਼ਾਰ ਡਾਲਰ ਭਾਵ 6 ਲੱਖ ਰੁਪਏ ਨਕਦ ਦਿੱਤੇ ਗਏ ਹਨ ਤੇ ਗੈਲਰੀ ਨਾਲ ਪ੍ਰੋਜੈਕਟ ਕਰਨ ਦਾ ਮੌਕਾ ਦਿੱਤਾ ਜਾਵੇਗਾ।

## ਮਹਾਰਾਜਾ ਚਾਰਲਸ ਵਲੋਂ ਚਰਨਕੰਵਲ ਸਿੰਘ ਸੇਖੋਂ ਨੂੰ ਐਮ.ਬੀ.ਈ. ਦਾ ਸ਼ਾਹੀ ਖ਼ਿਤਾਬ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਚਰਨਕੰਵਲ ਸਿੰਘ ਸੇਖੋਂ, ਜੋ ਯੂ.ਕੇ. ਸਰਕਾਰ ਦੇ ਵਾਤਾਵਰਣ, ਖੇਤੀਬਾੜੀ ਅਤੇ ਪੇਂਡੂ ਮਾਮਲਿਆਂ ਦੇ ਵਿਭਾਗ (ਡੇਫਰਾ) ਵਿਚ ਸੀਨੀਅਰ ਵਾਤਾਵਰਣ ਅਧਿਕਾਰੀ ਹਨ, ਨੂੰ ਐਮ.ਬੀ.ਈ. ਦੇ ਸ਼ਾਹੀ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ਹੈ। ਵਿੰਡਸਰ ਕਾਸਲ ਵਿਖੇ ਇਕ ਵਿਸ਼ੇਸ਼ ਸਮਾਗਮ ਦੌਰਾਨ ਮਹਾਰਾਜਾ ਚਾਰਲਸ-3 ਤੋਂ ਸਨਮਾਨ ਪ੍ਰਾਪਤ ਕਰਨ ਵਾਲੇ 80 ਲੋਕਾਂ 'ਚੋਂ ਚਰਨਕੰਵਲ ਸਿੰਘ ਸੇਖੋਂ ਇਕੱਲੇ ਸਿੱਖ ਸਨ। ਇਸ ਮੌਕੇ ਮਹਾਰਾਜਾ ਚਾਰਲਸ ਵਲੋਂ ਸੇਖੋਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ ਗਈ।

## ਪਾਕਿ 'ਚ ਫ਼ਿਰ ਹੋਈ ਸਿੱਖਾਂ ਦੇ ਕੇਸਾਂ ਦੀ ਬੇਅਦਬੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸ੍ਰੀ ਨਨਕਾਣਾ ਸਾਹਿਬ ਦੇ ਮੁਹੱਲਾ ਬਾਲ ਲੀਲ੍ਹਾ (ਚੌਕ ਗੁਰਦੁਆਰਾ ਪੱਟੀ ਸਾਹਿਬ) ਵਿਖੇ ਰਹਿੰਦੇ ਹਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਮੁਹੱਲੇ 'ਚ ਰਹਿੰਦੇ ਰਮਜ਼ਾਨ ਗੋਗੀ, ਆਸਿਫ਼ ਨੰਨਾ, ਇਕਬਾਲ, ਸਲਮਾਨ ਸ਼ਨੀ, ਅਨਵਰ, ਖੋਰ ਸ਼ਾਹੀ, ਬੀਬੀ ਸੈਦੀ ਅਤੇ ਜ਼ੁਬਾਦਾ ਜ਼ੈਦੀ ਵਲੋਂ ਨਾ ਸਿਰਫ਼ ਬਾਹਰੀ ਗੁੰਡਿਆਂ ਨੂੰ ਨਾਲ ਲੈ ਕੇ ਉਸ ਨਾਲ ਅਤੇ ਉਸ ਦੇ ਭਰਾ ਸਤਿੰਦਰਪਾਲ ਸਿੰਘ ਅਤੇ ਮਾਂ ਬੀਬੀ ਸਰਨ ਕੌਰ ਨਾਲ ਕੁੱਟਮਾਰ ਹੀ ਕੀਤੀ ਗਈ, ਬਲਕਿ ਉਨ੍ਹਾਂ ਦੀਆਂ ਦਸਤਾਰਾਂ ਉਤਾਰ ਕੇ ਕੇਸਾਂ ਦੀ ਵੀ ਬੇਅਦਬੀ ਕੀਤੀ ਗਈ।

## ਕੈਨੇਡਾ 'ਚ ਪੁਲਿਸ ਨੇ ਪੰਜਾਬੀ ਦੀ ਬਚਾਈ ਜਾਨ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਡੈਲਟਾ ਦੀ ਪੁਲਿਸ ਨੂੰ ਪ੍ਰਮੁੱਖ ਦਰਿਆ 'ਫਰੇਜ਼ਰ' 'ਤੇ ਬਣੇ ਅਲੈਕਸ ਫਰੇਜ਼ਰ ਬਰਿੱਜ 'ਤੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰ ਰਹੇ ਮਾਨਸਿਕ ਤੌਰ 'ਤੇ ਪਰੇਸ਼ਾਨ ਇਕ ਪੰਜਾਬੀ ਵਿਅਕਤੀ ਦੀ ਜਾਨ ਬਚਾਉਣ ਲਈ ਪੁਲ ਨੂੰ 8 ਘੰਟੇ ਲਈ ਬੰਦ ਕਰਨਾ ਪਿਆ, ਜਿਸ ਕਾਰਨ ਹਜ਼ਾਰਾਂ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ ਤੇ ਲੋਕ ਪੁਲ ਖੁੱਲ੍ਹਣ ਲਈ ਘੰਟਿਆਂ ਬੱਧੀ ਆਪਣੇ ਵਾਹਨਾਂ ਅੰਦਰ ਬੈਠੇ ਰਹੇ ਪਰ ਪੁਲਿਸ ਕਈ ਘੰਟਿਆਂ ਦੀ ਜੱਦੋ ਜਹਿਦ ਤੋਂ ਬਾਅਦ ਉਕਤ ਪੰਜਾਬੀ ਦੀ ਜਾਨ ਬਚਾਉਣ ਵਿਚ ਕਾਮਯਾਬ ਰਹੀ।

## ਸੁਰਖੀਆਂ...

### ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਏ ਅਮਰੀਕੀ ਸਫ਼ੀਰ

ਪਾਕਿਸਤਾਨ 'ਚ ਅਮਰੀਕੀ ਸਫ਼ੀਰ ਡੋਨਲ ਬਲੂਮ ਨੇ ਆਪਣੇ ਸਫ਼ਾਰਤਖ਼ਾਨੇ ਦੇ ਵਫ਼ਦ ਦੇ ਨਾਲ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਕੀਤੀ ਅਤੇ ਉੱਥੇ ਦਰਸ਼ਨਾਂ ਹਿਤ ਪਹੁੰਚੇ ਭਾਰਤੀ ਸਿੱਖ ਸ਼ਰਧਾਲੂਆਂ ਨਾਲ ਵੀ ਵਿਚਾਰ ਸਾਂਝੇ ਕੀਤੇ।

### ਅਮਰੀਕਾ ਦੇ ਉੱਤਰੀ ਕੈਰੋਲੀਨਾ 'ਚ ਗੁਰਦੁਆਰੇ 'ਤੇ ਹਮਲਿਆਂ

ਅਮਰੀਕਾ ਦੇ ਉੱਤਰੀ ਕੈਰੋਲੀਨਾ ਸੂਬੇ 'ਚ ਇਕ ਗੁਰਦੁਆਰੇ 'ਤੇ ਵਾਰ-ਵਾਰ ਹੋ ਰਹੇ ਹਮਲਿਆਂ ਅਤੇ ਭੰਨਤੋੜ ਕੀਤੇ ਜਾਣ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਸਿੱਖਾਂ ਨੇ ਹਮਲਿਆਂ ਦੀ ਵਿਆਪਕ ਜਾਂਚ ਲਈ ਮੰਗ ਕੀਤੀ ਹੈ।

### ਆਸਟ੍ਰੇਲੀਆ 'ਚ ਪੰਜਾਬ ਅਜ਼ਾਦੀ ਰਾਇਸ਼ੁਮਾਰੀ ਨੂੰ ਲੈ ਕੇ ਝੜਪਾਂ

ਆਸਟ੍ਰੇਲੀਆ ਦੇ ਮੈਲਬੌਰਨ 'ਚ ਤਥਾ-ਕਥਿਤ 'ਪੰਜਾਬ ਆਜ਼ਾਦੀ ਰਾਇਸ਼ੁਮਾਰੀ' ਦੌਰਾਨ ਖ਼ਾਲਿਸਤਾਨੀ ਕਾਰਕੁਨਾਂ ਅਤੇ ਭਾਰਤ ਪੱਖੀ ਸਮਰਥਕਾਂ ਵਿਚਕਾਰ ਦੋ ਜਗ੍ਹਾ 'ਤੇ ਝੜਪਾਂ ਦੌਰਾਨ 2 ਵਿਅਕਤੀ ਜ਼ਖ਼ਮੀ ਹੋ ਗਏ ਅਤੇ 2 ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

### ਸੋਫ਼ੀਆ ਦਲੀਪ ਸਿੰਘ ਦੇ ਘਰ ਬਾਹਰ ਲੱਗੇਗੀ ਇਤਿਹਾਸਕ 'ਨੀਲੀ ਤਖ਼ਤੀ'

ਲੰਡਨ 'ਚ 'ਇੰਗਲਿਸ਼ ਹੈਰੀਟੇਜ਼' ਵਲੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਸੋਫੀਆ ਦਲੀਪ ਸਿੰਘ ਦੇ ਲੰਡਨ ਸਥਿਤ ਘਰ ਦੇ ਬਾਹਰ ਇਤਿਹਾਸਕ 'ਨੀਲੀ ਤਖ਼ਤੀ' ਲਗਾਉਣ ਦਾ ਐਲਾਨ ਕੀਤਾ ਗਿਆ ਹੈ।

### ਇਟਾਲੀਅਨ ਨੇਵੀ 'ਚ ਭਰਤੀ ਹੋਈ ਪੰਜਾਬ ਦੀ ਧੀ ਮਨਰੂਪ ਕੌਰ

ਪੰਜਾਬੀ ਪਰਿਵਾਰ ਦੀ ਹੋਣਹਾਰ ਧੀ ਮਨਰੂਪ ਕੌਰ ਨੇ ਇਟਾਲੀਅਨ ਨੇਵੀ 'ਚ ਭਰਤੀ ਹੋ ਕੇ ਮਾਪਿਆਂ ਦੇ ਨਾਲ-ਨਾਲ ਪੂਰੇ ਭਾਰਤ ਦਾ ਨਾਂਅ ਚਮਕਾਇਆ ਹੈ।

ਸ੍ਰੀ ਗੁਰੂ ਸਿੰਘ ਸਭਾ ਪੱਤ੍ਰਿਕਾ

Registration No. MAHBIL/2013/53199
Postal Registration NO.MCE/248/2023-25 Postal at Dadar H.O. Mumbai-14

# ਵਣਜਾਰਿਆਂ ਦੇ ਮੇਲੇ ਵਿੱਚ ਪਹੁੰਚੇ ਸਿੰਘ ਸਭਾ ਅਤੇ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਆਗੂ

***ਬਾਕੀ ਪੰਨਾ ਨੰਬਰ 2 ਤੋਂ***

ਅਤੇ ਉਹ ਗੁਰੂ ਘਰ ਨਾਲ ਜੁੜਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਸੇਧ ਦੇਣ ਵਾਲਾ ਕੋਈ ਨਹੀਂ ਹੈ।

ਸਿੰਘ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਨੇ ਸਾਨੂੰ ਦੱਸਿਆ ਕਿ, "ਸਾਡੀ ਟੀਮ ਵੱਲੋਂ ਕੇਵਲ ਇੱਥੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਹੀ ਵੰਡੀਆਂ ਗਈਆ ਜੋ ਕਿ ਨਾਕਾਫੀ ਸੀ।

ਦੁਪਹਿਰ ਦੇ ਖਾਣੇ ਸਮੇਂ ਖਾਣ-ਪੀਣ ਦੇ ਸਟਾਲਾਂ ਨਾਲੋਂ ਸਾਡੇ ਕਿਤਾਬਾਂ ਵਾਲੇ ਸਟਾਲਾਂ 'ਤੇ ਬਹੁਤ ਜਿਆਦਾ ਇਕੱਠ ਹੁੰਦਾ ਸੀ। ਕੁਲਵੰਤ ਸਿੰਘ ਨੇ ਹੋਰ ਦੱਸਿਆ ਕਿ, "ਸਾਡੀ ਲੋਹਗੜ੍ਹ ਦੀ ਟੀਮ ਰਾਗੀ ਜੱਥਾ ਵੀ ਲੈ ਕੇ ਗਏ ਸੀ ਜੋ ਕਿ ਦੇਹਰਾਦੂਨ ਤੋਂ ਆਏ ਸਨ। ਉਨ੍ਹਾਂ ਵੱਲੋਂ ਉਥੇ ਕੀਰਤਨ ਕੀਤਾ ਗਿਆ। ਅਸੀਂ ਇੱਥੇ ਆ ਕੇ ਬਹੁਤ ਉਤਸ਼ਾਹਤ ਹੋਏ ਹਾਂ ਅਤੇ ਇਸ ਸੇਵਾ ਨੂੰ ਵੀ ਲਗਾਤਾਰ ਨਿਭਾਉਂਦੇ ਰਹਾਂਗੇ।

ਪਰਮਜੀਤ ਸਿੰਘ ਨੇ ਕਿਹਾ ਕਿ, "ਸਿੱਖ ਸੰਸਥਾਵਾਂ ਨੂੰ ਅੱਗੇ ਆ ਕੇ ਇਨ੍ਹਾਂ ਦੀ ਬਾਂਹ ਫੜਨੀ ਚਾਹੀਦੀ ਹੈ ਅਤੇ ਇੱਥੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ 9 ਸਟਾਲ ਲਗਾਏ ਸਨ ਅਤੇ ਹਰ ਸਟਾਲ 'ਤੇ ਹਮੇਸ਼ਾਂ 10-15 ਲੋਕਾਂ ਦਾ ਇਕੱਠ ਹੁੰਦਾ ਸੀ ਜੋ ਗੁਰਮਤਿ ਦੀਆਂ ਕਿਤਾਬਾਂ ਤੋਂ ਬਹੁਤ ਪ੍ਰਭਾਵਤ ਹੋਏ ਸਨ"।

ਵਣਜਾਰਿਆਂ ਦੀ ਔਰਤਾਂ ਆਪਣੇ ਸੱਭਿਆਚਾਰਕ ਕੱਪੜਿਆ ਵਿੱਚ ਆਈਆਂ ਸਨ। ਔਰਤਾਂ ਅਤੇ ਮਰਦ ਆਪਣੇ ਸੱਭਿਆਚਾਰਕ ਨਾਚ-ਗਾਣਾ ਵੀ ਕਰ ਰਹੇ ਸਨ।

ਇਸ ਮੇਲੇ ਵਿੱਚ ਵੱਖ ਵੱਖ ਧਾਰਮਕ ਥਾਵਾਂ ਬਣੀਆਂ ਹੋਈਆਂ ਸਨ। ਉਥੇ ਉਨ੍ਹਾਂ ਦੇ ਖਾਣ-ਪੀਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਉਥੇ ਉਨ੍ਹਾਂ ਦਾ ਰਿਵਾਇਤੀ ਖਾਣਾ ਮੌਜੂਦ ਸੀ। ਸਿੱਖਾਂ ਵੱਲੋਂ ਕੇਵਲ ਸਾਡੀ ਟੀਮ ਅਤੇ ਲੋਹਗੜ੍ਹ ਦੀ ਟੀਮ ਹੀ ਮੌਜੂਦ ਸੀ ਅਤੇ ਯੂ ਐਸ ਏ ਤੋਂ 2 ਭਰਾ ਅਤੇ ਹੋਰ ਸੱਜਣ ਉਨ੍ਹਾਂ ਨਾਲ ਆਏ ਹੋਏ ਸਨ।

ਤੇਲੰਗਾਨਾ ਤੋਂ ਵੀ ਆਈ ਸੰਗਤ ਵੱਲੋਂ ਲੱਖੀ ਸ਼ਾਹ ਵਣਜਾਰਾ ਬਾਰੇ ਲਿਟਰੇਚਰ ਵੰਡਿਆ ਗਿਆ। ਲੋਹਗੜ੍ਹ ਦੀ ਟੀਮ ਵਣਜਾਰਿਆ ਦਾ ਇਤਿਹਾਸ ਸਿੱਖੀ ਨਾਲ ਕਿੰਨਾ ਗਹਿਰਾ ਹੈ ਉਸ ਬਾਰੇ ਖੋਜ ਕਰ ਰਹੀ ਹੈ। ਗਗਨਦੀਪ ਸਿੰਘ ਜੀ ਦਾ ਸਾਰਾ ਧਿਆਨ ਵਣਜਾਰਿਆਂ ਨੂੰ ਸਿੱਖ ਧਰਮ ਨਾਲ ਜੋੜਨ 'ਤੇ ਲੱਗਾ ਹੋਇਆ ਹੈ"।

ਵਣਜਾਰਾ ਬਰਾਦਰੀ ਦੀਆਂ ਆਪਣੀਆਂ ਵਿਲੱਖਣ ਸੱਭਿਆਚਾਰਕ ਕਦਰਾਂ-ਕੀਮਤਾਂ ਹਨ। ਉਥੇ ਬਹੁਤ ਸਾਰੇ ਪੰਡਾਲ ਬਣੇ ਹੋਏ ਸਨ ਜਿੱਥੇ ਉਨ੍ਹਾਂ ਦਾ ਸੱਭਿਆਚਾਰ ਦਿਖਾਇਆ ਜਾ ਰਿਹਾ ਸੀ। ਧਾਰਮਿਕ ਲੈਕਚਰ ਵੀ ਹੋ ਰਹੇ ਸਨ।













